# ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਦੇ ਮੌਜੂਦਾ ਅਤੇ ਪ੍ਰਸਤਾਵਿਤ ਉਪਾਅ

# ਲੇਬਰ ਵਿਭਾਗ

ਲੇਬਰ ਵਿਭਾਗ (LD) ਹਾਂਗਕਾਂਗ ਵਿਸ਼ੇਸ਼ ਪ੍ਰਬੰਧਕੀ ਖੇਤਰ ਸਰਕਾਰ ਦੀ ਪ੍ਰਮੁੱਖ ਏਜੰਸੀ ਹੈ ਜੋ ਕਿ ਲੇਬਰ ਪ੍ਰਸ਼ਾਸਨ ਦੇ ਮੁੱਖ ਕਾਰਜਾਂ ਨੂੰ ਚਲਾਉਣ ਅਤੇ ਤਾਲਮੇਲ ਲਈ ਜ਼ਿੰਮੇਵਾਰ ਹੈ। LD ਦਾ ਉਦੇਸ਼ ਸਾਡੇ ਕਰਮਚਾਰੀਆਂ ਦੀ ਤੰਦਰੁਸਤੀ ਨੂੰ ਵਧਾਉਣਾ ਅਤੇ ਕੰਮ ਕਰ ਰਹੇ ਲੋਕਾਂ ਦੀ ਸੁਰੱਖਿਆ ਅਤੇ ਸਿਹਤ ਦੇ ਪੱਧਰ ਨੂੰ ਉਪਰ ਚੁੱਕਣਾ ਹੈ।

## A. ਰੁਜ਼ਗਾਰ ਸੇਵਾਵਾਂ, ਨੀਤੀ ਸਹਾਇਤਾ ਅਤੇ ਬੌਇਲਰ ਅਤੇ ਪ੍ਰੈਸ਼ਰ ਵੈਸਲਜ ਡਿਵੀਜ਼ਨਾਂ

ਸੰਬੰਧਿਤ ਸੇਵਾਵਾਂ

- ਵੱਖ-ਵੱਖ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਲਈ ਵਿਭਿੰਨਤਾ ਵਾਲੀ ਅਤੇ ਮੁਫਤ ਰੁਜ਼ਗਾਰ ਸੇਵਾਵਾਂ।
- ਵਿਦੇਸ਼ੀ ਘਰੇਲੂ ਹੈਲਪਰਾਂ (FDHs) ਲਈ ਸਹਾਇਤਾ ਅਤੇ ਮਦਦ।
- ਰੋਜ਼ਗਾਰ ਏਜੰਸੀਆਂ (EAs) ਨੂੰ ਲਾਇਸੈਂਸ, ਨਿਰੀਖਣ ਦੁਆਰਾ ਨਿਯਮਿਤ ਕਰਨਾ ਅਤੇ ਰੁਜ਼ਗਾਰਦਾਤਾਵਾਂ ਅਤੇ ਨੌਕਰੀ ਲੱਭਣ ਵਾਲੇ ਲੋਕਾਂ ਵੱਲੋਂ ਕੀਤੀਆਂ ਸ਼ਿਕਾਇਤਾਂ, ਜਿਨ੍ਹਾਂ ਵਿੱਚ FDHs ਵੀ ਸ਼ਾਮਿਲ ਹਨ, ਦੀ ਜਾਂਚ ਕਰਨਾ।
- ਉਪਕਰਣਾਂ ਦੇ ਮਾਲਕਾਂ ਲਈ ਬਾਇਲਰ ਅਤੇ ਪ੍ਰੈਸ਼ਰ ਵੈਸਲਜ ਦੀ ਰਜਿਸਟ੍ਰੇਸ਼ਨ ਦਾ ਪ੍ਰਬੰਧਨ।
- ਪਰੀਖਿਆਵਾਂ ਦਾ ਆਯੋਜਨ ਕਰਨਾ ਅਤੇ ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਵਿਭਿੰਨ ਕਿਸਮ ਦੇ ਬਾਇਲਰ ਅਤੇ ਪ੍ਰੈਸ਼ਰ ਵੈਸਲਜ ਲਈ ਯੋਗ ਵਿਅਕਤੀਆਂ ਵਜੋਂ ਯੋਗਤਾ ਦਾ ਪ੍ਰਮਾਣ ਪੱਤਰ ਦੇਣਾ ।
- ਬਾਇਲਰ ਅਤੇ ਪ੍ਰੈਸ਼ਰ ਵੈਸਲਜ ਦੀ ਸੁਰੱਖਿਅਤ ਵਰਤੋਂ ਨੂੰ ਅੱਗੇ ਵਧਾਉਣਾ।

ਮੌਜੂਦਾ ਉਪਾਅ

- LD ਦੇ 10 ਨੌਕਰੀ ਕੇਂਦਰਾਂ ਦੇ ਨੈਟਵਰਕ, ਤਿੰਨ ਉਦਯੋਗ ਅਧਾਰਿਤ ਭਰਤੀ ਕੇਂਦਰਾਂ, ਟੈਲੀਫੋਨ ਰੁਜ਼ਗਾਰ ਸੇਵਾ ਕੇਂਦਰ, ਨੌਕਰੀ ਵੈਕੈਂਸੀ ਪ੍ਰੋਸੈਸਿੰਗ ਕੇਂਦਰ, ਇੰਟਰਐਕਟਿਵ ਰੁਜ਼ਗਾਰ ਸੇਵਾ (iES) ਦੀ ਵੈਬਸਾਈਟ (https://www.jobs.gov.hk), ਅਤੇ ਮੋਬਾਈਲ ਐਪਲੀਕੇਸ਼ਨ, ਨੌਕਰੀ ਲੱਭਣ ਵਾਲੇ ਅਸਮਰਥਤਾ-ਪੀੜਤ ਲੋਕਾਂ ਦੇ ਲਈ ਤਿੰਨ ਸਿਲੈਕਟਿਵ ਪਲੇਸਮੈਂਟ ਖੇਤਰੀ ਦਫਤਰਾਂ, ਇੰਟਰਐਕਟਿਵ ਸਿਲੈਕਟਿਵ ਪਲੇਸਮੈਂਟ ਸੇਵਾ (iSPS) ਦੀ ਵੈਬਸਾਈਟ

(https://www.jobs.gov.hk/isps), ਯੂਥ ਰੋਜ਼ਗਾਰ ਅਤੇ ਸਿਖਲਾਈ ਪ੍ਰੋਗਰਾਮ (YETP) ਅਤੇ ਦੋ ਯੁਵਾ ਰੁਜ਼ਗਾਰ ਸਟਾਰਟ (Y.E.S.) ਅੰਗਰੇਜ਼ੀ ਅਤੇ ਚੀਨੀ ਵਿੱਚ ਰੁਜ਼ਗਾਰ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਨ।

- ਨਸਲੀ ਘੱਟ ਗਿਣਤੀ ਵਸਨੀਕ ਏਕਤਾ ਅਤੇ ਪ੍ਰਗਤੀ ਸੈਂਟਰ (CHEER) ਦੇ ਨਾਲ ਅਜਿਹੇ ਨੌਕਰੀ ਲੱਭਣ ਵਾਲੇ ਲੋਕਾਂ ਲਈ, ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗ੍ਰੇਜ਼ੀ, ਮੁਫਤ ਵਿਆਖਿਆ ਸੇਵਾਵਾਂ ਪ੍ਰਦਾਨ ਕਰਨਾ, ਅਤੇ ਚੀਨੀ, ਅੰਗ੍ਰੇਜੀ ਅਤੇ ਵਿਭਿੰਨ ਨਸਲਾਂ ਦੇ ਲੋਕਾਂ ਦੀਆਂ ਅੱਠ ਪ੍ਰਮੁਖ ਭਾਸ਼ਾਵਾਂ ਵਿੱਚ ਸੰਬੰਧਿਤ ਪ੍ਰਚਾਰ ਸਮੱਗਰੀ ਤਿਆਰ ਕਰਨਾ।

- ਨੌਕਰੀ ਕੇਂਦਰਾਂ ਨੇ ਵਿਭਿੰਨ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਲਈ ਵਿਸ਼ੇਸ਼ ਕਾਉਂਟਰ ਮੁਹੱਈਆ ਕਰਵਾਏ ਹਨ, ਅਤੇ ਰੁਜਗਾਰ ਸਹਾਇਕ ਅਤੇ ਰੁਜਗਾਰ ਸੇਵਾ ਅੰਬੇਸਡਰਸ ਵੀ ਨਿਯੁਕਤ ਕੀਤੇ ਹਨ ਜੋ ਸੇਵਾਵਾਂ ਪ੍ਰਦਾਨ ਕਰਨ ਲਈ ਵਿਭਿੰਨ ਨਸਲ ਦੇ ਲੋਕਾਂ ਦੀਆਂ ਭਾਸ਼ਾਵਾਂ ਵਿੱਚ ਗੱਲਬਾਤ ਕਰ ਸਕਦੇ ਹਨ। LD ਵਿਭਿੰਨ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਲਈ ਉਹਨਾਂ ਦੀ ਨੌਕਰੀ ਦੀ ਖੋਜ ਦੀ ਸਹੂਲਤ ਲਈ ਵੱਡੇ ਪੱਧਰ ਤੇ ਅਤੇ ਜਿਲ੍ਹਾ-ਅਧਾਰਤ ਨੌਕਰੀ ਮੇਲੇ ਦਾ ਵੀ ਆਯੋਜਨ ਕਰਦਾ ਹੈ। LD ਨੇ ਨਸਲੀ ਵਿਭਿੰਨਤਾ ਰੁਜ਼ਗਾਰ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਗੈਰ-ਸਰਕਾਰੀ ਸੰਸਥਾਵਾਂ ਦੀ ਨਿਯੁਕਤੀ ਕੀਤੀ ਹੈ ਤਾਂ ਜੋ ਮਾਮਲਾ ਪ੍ਰਬੰਧਨ ਰਵੱਈਏ ਨੂੰ ਅਪਨਾਉਂਦੇ ਹੋਏ, ਵਿਭਿੰਨ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਲਈ ਇੱਕੋ ਥਾਂ ਤੇ ਰੁਜ਼ਗਾਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

- ਵਿਭਿੰਨ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਲਈ iES ਵੈੱਬਸਾਈਟ 'ਤੇ ਸਮਰਪਿਤ ਵੈੱਬਪੇਜ (https://www.jobs.gov.hk/EM) ਅੱਠ ਪ੍ਰਮੁਖ ਭਾਸ਼ਾਵਾਂ ਵਿੱਚ ਰੁਜ਼ਗਾਰ ਦੀ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ। LD ਰੁਜ਼ਗਾਰਦਾਤਾਵਾਂ ਨੂੰ ਨੌਕਰੀ ਦੇ ਆਰਡਰ ਦਿੰਦੇ ਸਮੇਂ ਭਾਸ਼ਾ ਸਬੰਧੀ ਲੋੜਾਂ ਵਿੱਚ ਢਿੱਲ ਦੇਣ ਲਈ ਅਤੇ ਵਿਭਿੰਨ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਨੂੰ ਰੁਜਗਾਰ ਦੇਣ ਬਾਰੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦਾ ਹੈ।

- FDHs ਨੂੰ ਇੱਕੋ ਸਥਾਨ 'ਤੇ ਵਿਭਿੰਨ ਸੇਵਾਵਾਂ ਪ੍ਰਦਾਨ ਕਰਨ ਲਈ LD ਦੀ ਸਮਰਪਿਤ 24 ਘੰਟੇ ਦੀ FDH ਹਾਟਲਾਈਨ ਕੋਲ ਦੁਭਾਸ਼ੀਆ ਸੇਵਾ ਉਪਲੱਬਧ ਹੈ। ਕੈਂਟੋਨੀਜ, ਅੰਗ੍ਰੇਜ਼ੀ ਅਤੇ ਪੁਤੋਂਗੁਹਾ ਤੋਂ ਇਲਾਵਾ, FDH ਦੀਆਂ 11 ਮੂਲ ਭਾਸ਼ਾਵਾਂ (ਤਾਗਾਲੋਗ, ਬਹਾਸਾ ਇੰਡੋਨੇਸ਼ੀਆ, ਥਾਈ, ਨੇਪਾਲੀ, ਹਿੰਦੀ, ਪੰਜਾਬੀ ਉਰਦੂ, ਸਿੰਹਾਲਾ, ਬੰਗਾਲੀ, ਖਮੇਰ ਅਤੇ ਮਿਆਂਮਾਰ) ਵਿੱਚ ਦੁਭਾਸ਼ੀਆ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਦੋ ਲੋਕ ਸੰਪਰਕ ਅਧਿਕਾਰੀ ਜੋ ਕ੍ਰਮਵਾਰ ਤਾਗਾਲੋਗ ਅਤੇ

ਬਹਾਸਾ ਇੰਡੋਨੇਸ਼ੀਆ ਵਿੱਚ ਨਿਪੁੰਨ ਹਨ, ਉਨ੍ਹਾਂ ਨੂੰ ਫਿਲੀਪੀਨਜ਼ ਅਤੇ ਇੰਡੋਨੇਸ਼ੀਆ ਤੋਂ FDHs ਨਾਲ ਸੰਚਾਰ ਕਰਨ ਵਿੱਚ ਸਹਾਇਤਾ ਕਰਨ ਲਈ ਭਰਤੀ ਕੀਤਾ ਗਿਆ ਹੈ।

- ਅਪਰਾਧਿਕ ਜਾਂਚ ਦੇ ਦੌਰਾਨ, ਆਪਣੀਆਂ ਮਾਤ ਭਾਸ਼ਾਵਾਂ ਵਿੱਚ ਬਿਆਨ ਦੇਣ ਵਾਲੇ ਵੱਖ-ਵੱਖ ਨਸਲਾਂ ਦੇ ਸ਼ਿਕਾਇਤਕਰਤਾਵਾਂ ਲਈ ਜਾਂ ਸ਼ਿਕਾਇਤ ਅਧੀਨ EAs ਤੋਂ ਵੱਖ-ਵੱਖ ਨਸਲਾਂ ਦੇ ਨੁਮਾਇੰਦਿਆਂ ਲਈ ਜ਼ਬਾਨੀ ਅਤੇ ਲਿਖਤੀ ਅਨੁਵਾਦ ਸੇਵਾ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ।

- LD ਦਾ ਸਮਰਪਿਤ FDH ਪੋਰਟਲ (www.fdh.labour.gov.hk) ਅੰਗਰੇਜ਼ੀ ਅਤੇ ਚੀਨੀ ਤੋਂ ਇਲਾਵਾ FDH ਦੀਆਂ 10 ਮੂਲ ਭਾਸ਼ਾਵਾਂ ਵਿੱਚ ਉਪਲੱਬਧ ਹੈ, ਤਾਂ ਜੋ ਹਾਂਗਕਾਂਗ ਵਿੱਚ ਉਨ੍ਹਾਂ ਦੇ ਰੁਜ਼ਗਾਰ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨਾਲ ਸੰਬੰਧਿਤ ਢੁਕਵੀਂ ਜਾਣਕਾਰੀ ਪ੍ਰਾਪਤ ਕਰਨ ਵਿੱਚ FDHs ਨੂੰ ਆਸਾਨੀ ਹੋਵੇ।

- ਹਾਂਗਕਾਂਗ ਵਿੱਚ EAs ਦੇ ਨਿਯੰਤ੍ਰਣ ਬਾਰੇ ਵੱਖ-ਵੱਖ ਨਸਲ ਦੇ ਨੌਕਰੀ ਲੱਭਣ ਵਾਲੇ ਲੋਕਾਂ ਨੂੰ ਦੱਸਣਾ ਆਸਾਨ ਬਣਾਉਣ ਲਈ LD ਦਾ ਸਮਰਪਿਤ EA ਪੋਰਟਲ (www.eaa.labour.gov.hk) ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਚਾਰ ਮੁੱਖ ਭਾਸ਼ਾਵਾਂ (ਤਾਗਾਲੋਗ, ਬਹਾਸਾ ਇੰਡੋਨੇਸ਼ੀਆ, ਥਾਈ ਅਤੇ ਖਮੇਰ) ਵਿੱਚ ਜਾਣਕਾਰੀ ਦਾ ਪ੍ਰਸਾਰ ਕਰਦਾ ਹੈ। ਉਪਰੋਕਤ ਚਾਰ ਭਾਸ਼ਾਵਾਂ ਵਿੱਚ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਆਨਲਾਈਨ ਸ਼ਿਕਾਇਤ ਫਾਰਮ ਵੀ ਉਪਲੱਬਧ ਹੈ।

- FDH ਦੀਆਂ ਕਈ ਮੂਲ ਭਾਸ਼ਾਵਾਂ ਵਿੱਚ LD ਪ੍ਰੈਕਟੀਕਲ ਗਾਈਡਾਂ, ਪ੍ਰਚਾਰ ਪਰਚੇ ਅਤੇ ਪੋਸਟਰ ਤਿਆਰ ਕਰਦਾ ਹੈ, ਅਤੇ ਇਹਨਾਂ ਪ੍ਰਕਾਸ਼ਨਾਂ ਨੂੰ ਇੱਕ ਗੈਰ-ਸਰਕਾਰੀ ਸੰਗਠਨ, ਹਾਂਗਕਾਂਗ ਵਿੱਚ FDHs ਦੇ ਮੂਲ ਦੇਸ਼ਾਂ ਦੇ ਕੌਂਸਲੇਟ-ਜਨਰਲਾਂ, ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਦਫਤਰਾਂ ਆਦਿ ਦੇ ਜ਼ਰੀਏ ਹਾਂਗਕਾਂਗ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ FDHs ਨੂੰ ਵੰਡਦਾ ਹੈ।

- LD ਛੁੱਟੀ ਦੇ ਦਿਨਾਂ ਨੂੰ FDHs ਦੇ ਮੁੱਖ ਇਕੱਠ ਸਥਾਨਾਂ 'ਤੇ ਜਾਣਕਾਰੀ ਕਿਓਸਕ ਬਣਾ ਕੇ, ਅਜਿਹੇ ਸਥਾਨਕ ਇੰਡੋਨੇਸ਼ੀਆਈ ਅਤੇ ਫਿਲਪੀਨੋ ਅਖਬਾਰਾਂ ਅਤੇ ਹੋਰ ਪ੍ਰਕਾਸ਼ਨਾਂ ਵਿੱਚ ਇਸ਼ਤਿਹਾਰ ਦੇ ਕੇ ਜੋ ਆਮ ਤੌਰ 'ਤੇ FDHs ਦੁਆਰਾ ਪੜ੍ਹੇ ਜਾਂਦੇ ਹਨ, ਜਨਤਕ ਹਿੱਤ ਵਿੱਚ ਟੈਲੀਵਿਜ਼ਨ ਅਤੇ ਰੇਡੀਓ ਘੋਸ਼ਣਾਵਾਂ ਦਾ ਪ੍ਰਸਾਰਣ ਕਰ ਕੇ, ਆਦਿ ਉਪਾਵਾਂ ਰਾਹੀਂ FDHs ਦੇ ਰੁਜ਼ਗਾਰ ਸਬੰਧੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

- EAs ਦੇ ਨਿਯੰਤ੍ਰਣ ਸੰਬੰਧੀ ਪ੍ਰਚਾਰ ਸਮੱਗਰੀ ਅਤੇ FDHs ਦੇ ਰੁਜ਼ਗਾਰ ਨਾਲ ਸੰਬੰਧਿਤ ਨਮੂਨਾ ਦਸਤਾਵੇਜ਼ ਚੀਨੀ, ਅੰਗਰੇਜ਼ੀ ਅਤੇ ਵੱਖ-ਵੱਖ

ਨਸਲਾਂ ਦੇ ਲੋਕਾਂ ਦੀਆਂ ਮੁੱਖ ਭਾਸ਼ਾਵਾਂ (ਜਿਵੇਂ, ਤਾਗਾਲੋਗ, ਬਹਾਸਾ ਇੰਡੋਨੇਸ਼ੀਆ, ਥਾਈ, ਨੇਪਾਲੀ, ਮਯਾਨਮਾਰੀ, ਉਰਦੂ, ਹਿੰਦੀ, ਬੰਗਾਲੀ, ਸਿੰਹਲ ਅਤੇ ਖਮੇਰ) ਵਿੱਚ ਉਪਲੱਬਧ ਹਨ, ਤਾਂ ਜੋ ਵੱਖ-ਵੱਖ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਕੀਤੀ ਜਾ ਸਕੇ ਅਤੇ ਉਨ੍ਹਾਂ ਦੇ ਰੁਜ਼ਗਾਰ ਦੇ ਅਧਿਕਾਰਾਂ ਅਤੇ ਸੁਰੱਖਿਆ ਪ੍ਰਤੀ ਜਾਗਰੂਕਤਾ ਨੂੰ ਵਧਾਇਆ ਜਾ ਸਕੇ।

- FDHs ਦੀ ਸੁਰੱਖਿਆ ਵਧਾਉਣ ਅਤੇ FDHs ਅਤੇ ਉਹਨਾਂ ਦੇ ਰੁਜ਼ਗਾਰਦਾਤਾਵਾਂ ਨੂੰ ਬਿਹਤਰ ਸਹਾਇਤਾ ਪ੍ਰਦਾਨ ਕਰਨ ਲਈ, LD ਇੱਕ ਸਮਰਪਿਤ FDH ਡਿਵੀਜ਼ਨ ਸਥਾਪਿਤ ਕਰੇਗਾ, ਤਾਂ ਕਿ ਕਾਰਗਰ ਤਾਲਮੇਲ ਅਤੇ ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ।

- LD ਹਾਂਗਕਾਂਗ ਵਿੱਚ ਪ੍ਰਮੁੱਖ FDHs ਦੇ ਮੂਲ ਦੇਸ਼ਾਂ ਦੇ ਕੌਂਸਲੇਟ-ਜਨਰਲਾਂ ਨਾਲ ਮਿਲ ਕੇ ਕੰਮ ਕਰਦਾ ਹੈ ਅਤੇ ਨਵੇਂ ਆਏ FDHs ਲਈ ਉਨ੍ਹਾਂ ਦੇ ਓਰੀਐਂਟੇਸ਼ਨ ਸੈਮੀਨਾਰਾਂ ਵਿੱਚ ਅਤੇ ਕੌਂਸਲੇਟ-ਜਨਰਲਾਂ ਦੁਆਰਾ ਹਾਂਗਕਾਂਗ ਵਿੱਚ ਆਪਣੇ ਨਾਗਰਿਕਾਂ ਲਈ ਆਯੋਜਿਤ ਵੱਡੇ ਸਮਾਜਿਕ/ਸਭਿਆਚਾਰਕ ਸਮਾਗਮਾਂ ਵਿੱਚ ਸ਼ਾਮਿਲ ਹੁੰਦਾ ਹੈ।

- LD ਚੀਨੀ ਅਤੇ ਅੰਗਰੇਜ਼ੀ ਦੋਨਾਂ ਭਾਸ਼ਾਵਾਂ ਵਿੱਚ ਬੋਇਲਰਾਂ ਅਤੇ ਪ੍ਰੈਸ਼ਰ ਵੈਸਲਜ ਦੀ ਰਜਿਸਟ੍ਰੇਸ਼ਨ ਅਤੇ ਜਾਂਚ ਲਈ ਅਰਜ਼ੀ ਫਾਰਮ ਅਤੇ ਮਾਰਗਦਰਸ਼ਨ ਨੋਟ ਮੁਹੱਈਆ ਕਰਦਾ ਹੈ। ਸੰਬੰਧਿਤ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਦੋਨੋ ਭਾਸ਼ਾਵਾਂ ਵਿੱਚ ਵਿਭਾਗੀ ਵੈਬਸਾਈਟ 'ਤੇ ਵੀ ਅਪਲੋਡ ਕੀਤੀ ਜਾਂਦੀ ਹੈ।

- LD ਚੀਨੀ ਜਾਂ ਅੰਗ੍ਰੇਜ਼ੀ ਵਿੱਚ ਯੋਗਤਾ ਦੇ ਸਰਟੀਫਿਕੇਟ ਲਈ ਦੋਨੋਂ ਮੌਖਿਕ ਅਤੇ ਲਿਖਤੀ ਪਰੀਖਿਆਵਾਂ ਕਰਵਾਉਂਦਾ ਹੈ।

- LD ਸਾਰੇ ਪ੍ਰਕਾਸ਼ਨ, ਜਿਨ੍ਹਾਂ ਵਿੱਚ ਅਮਲ ਦਾ ਕੋਡ, ਆਪਰੇਸ਼ਨ ਗਾਈਡਾਂ ਅਤੇ ਦੁਰਘਟਨਾ ਦੇ ਮਾਮਲਿਆਂ ਬਾਰੇ ਹਦਾਇਤਾਂ ਵੀ ਸ਼ਾਮਿਲ ਹਨ, ਚੀਨੀ ਅਤੇ ਅੰਗਰੇਜ਼ੀ ਦੋਨੋ ਭਾਸ਼ਾਵਾਂ ਵਿੱਚ ਮੁਹੱਈਆ ਕਰਦਾ ਹੈ, ਜਦ ਕਿ ਵੱਖ-ਵੱਖ ਨਸਲਾਂ ਦੇ ਲੋਕਾਂ ਦੇ ਹਵਾਲੇ ਲਈ ਸਭ ਤੋਂ ਜ਼ਿਆਦਾ ਵਰਤੀ ਗਈ ਆਪਰੇਸ਼ਨ ਗਾਈਡ ਦਾ ਹਿੰਦੀ ਅਤੇ ਉਰਦੂ ਵਿੱਚ ਵੀ ਅਨੁਵਾਦ ਕੀਤਾ ਜਾਂਦਾ ਹੈ।

ਭਵਿੱਖ ਦੇ ਕੰਮ ਦਾ ਮੁਲਾਂਕਣ

- LD ਵੱਖ-ਵੱਖ ਨਸਲਾਂ ਦੇ ਨੌਕਰੀਆਂ ਲੱਭਣ ਵਾਲੇ ਲੋਕਾਂ ਅਤੇ FDHs ਲਈ ਸਮੇਂ-ਸਮੇਂ 'ਤੇ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ ਲੋੜੀਂਦੇ ਸੁਧਾਰ ਕਰੇਗਾ, ਅਤੇ ਸੰਬੰਧਿਤ ਮੁਲਾਂਕਣ ਕਰਨ ਲਈ ਉਨ੍ਹਾਂ ਤੋਂ ਡੇਟਾ ਇਕੱਠਾ ਕਰੇਗਾ।

- LD, FDHs ਦੁਆਰਾ ਸਹਾਇਤਾ ਸੇਵਾਵਾਂ ਦੀ ਵਰਤੋਂ ਬਾਰੇ ਜਾਣਕਾਰੀ

ਇਕੱਤਰ ਕਰਦਾ ਹੈ, ਤਾਂ ਜੋ ਸੇਵਾਵਾਂ ਦੀ ਵਰਤੋਂ ਦੇ ਪੈਟਰਨ ਨੂੰ ਸਮਝਿਆ ਜਾ ਸਕੇ, ਸੇਵਾਵਾਂ ਤੱਕ ਪਹੁੰਚ ਦੀ ਨਿਗਰਾਨੀ ਕੀਤੀ ਜਾ ਸਕੇ, ਅਤੇ ਸੇਵਾ ਪ੍ਰਬੰਧਾਂ ਵਿੱਚ ਨਿਰੰਤਰ ਸੁਧਾਰ ਕੀਤਾ ਜਾ ਸਕੇ।

- LD ਰੁਜ਼ਗਾਰ ਏਜੰਸੀ ਪ੍ਰਸ਼ਾਸਨ ਨੂੰ ਕੇਸ ਦਰਜ ਕਰਨ ਵਾਲੇ ਸ਼ਿਕਾਇਤਕਰਤਾਵਾਂ ਦੀ ਕੌਮੀਅਤ ਅਤੇ ਉਹਨਾਂ ਨੂੰ ਦਿੱਤੀ ਗਈ ਦੁਭਾਸ਼ੀਆ ਅਤੇ ਅਨੁਵਾਦ ਸੇਵਾ ਬਾਰੇ ਜਾਣਕਾਰੀ ਆਪਣੇ ਕੋਲ ਰੱਖਦਾ ਹੈ। LD ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰਨ ਵੇਲੇ ਵੱਖ-ਵੱਖ ਨਸਲਾਂ ਦੇ ਸ਼ਿਕਾਇਤਕਰਤਾਵਾਂ ਤੋਂ ਇਕੱਠੀ ਕੀਤੀ ਗਈ ਫੀਡਬੈਕ 'ਤੇ ਵਿਚਾਰ ਕਰੇਗਾ ਅਤੇ ਢੁੱਕਵੇਂ ਸੁਧਾਰ ਕਰੇਗਾ।

- LD ਰਜਿਸਟ੍ਰੇਸ਼ਨ, ਆਪਰੇਟਰਾਂ ਦੇ ਪ੍ਰਮਾਣੀਕਰਣ ਅਤੇ ਸਮੇਂ-ਸਮੇਂ 'ਤੇ ਬਾਇਲਰਾਂ ਅਤੇ ਪ੍ਰੈਸ਼ਰ ਵੈਸਲਜ ਦੀ ਸੁਰੱਖਿਅਤ ਵਰਤੋਂ ਬਾਰੇ ਪ੍ਰਚਾਰ ਦੇ ਸਮੇਂ ਪ੍ਰਦਾਨ ਕੀਤੀਆਂ ਗਈਆਂ ਆਪਣੀਆਂ ਸੇਵਾਵਾਂ ਦਾ ਮੁਲਾਂਕਣ ਕਰੇਗਾ, ਜਨਤਾ ਅਤੇ ਸਟਾਫ ਦੇ ਫੀਡਬੈਕ ਅਤੇ ਸੁਝਾਵਾਂ ਨੂੰ ਧਿਆਨ ਵਿੱਚ ਰੱਖੇਗਾ ਤਾਂ ਜੋ ਲੋੜ ਪੈਣ 'ਤੇ ਵੱਖ-ਵੱਖ ਨਸਲਾਂ ਦੇ ਉਪਭੋਗਤਾਵਾਂ ਲਈ ਸਾਡੀਆਂ ਸੇਵਾਵਾਂ ਨੂੰ ਬਿਹਤਰ ਅਤੇ ਉਚਿਤ ਬਣਾਇਆ ਜਾ ਸਕੇ।

ਨਸਲੀ ਬਰਾਬਰੀ ਨੂੰ ਵਧਾਵਾ ਦੇਣ ਦੇ ਮੌਜੂਦਾ ਅਤੇ ਪ੍ਰਸਤਾਵਿਤ ਉਪਾਵਾਂ ਦੇ ਬਾਰੇ ਵਿੱਚ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਲਿਖੇ ਅਧਿਕਾਰੀਆਂ ਨਾਲ ਸੰਪਰਕ ਕਰੋ -

ਸਧਾਰਨ ਰੁਜ਼ਗਾਰ ਸੇਵਾਵਾਂ ਨਾਲ ਸੰਬੰਧਿਤ ਪੁੱਛਗਿੱਛ ਲਈ

| | | |
|---|---|---|
| ਨਾਮ | : | LAM Mei-chuen, Agnes |
| ਅਹੁਦਾ | : | ਲੇਬਰ ਅਫਸਰ (ਰੁਜ਼ਗਾਰ ਸੇਵਾਵਾਂ) (ਮੁੱਖ ਦਫਤਰ) |
| ਟੈਲੀਫੋਨ ਨੰ. | : | 2852 4182 |
| ਫੈਕਸ ਨੰ. | : | 2541 3351 |
| ਈਮੇਲ | : | ESD-HQ@labour.gov.hk |
| ਡਾਕ ਪਤਾ | : | Room 1720, 17/F., Harbour Building, 38 Pier Road, Central, Hong Kong |

ਰੁਜ਼ਗਾਰ ਜਾਣਕਾਰੀ ਅਤੇ ਪ੍ਰਚਾਰ ਪ੍ਰੋਗਰਾਮ ਦਫਤਰ, ਜੌਬ ਵੇਕੰਸੀ ਪ੍ਰੋਸੈਸਿੰਗ ਸੈਂਟਰ ਅਤੇ ਟੈਲੀਫੋਨ ਰੁਜ਼ਗਾਰ ਸੇਵਾ ਕੇਂਦਰ ਨਾਲ ਸੰਬੰਧਿਤ ਪੁੱਛਗਿੱਛ ਲਈ

| | | |
|---|---|---|
| ਨਾਮ | : | CHAN Yuen-han, Sandy |
| ਅਹੁਦਾ | : | ਲੇਬਰ ਅਫਸਰ (ਰੁਜ਼ਗਾਰ ਜਾਣਕਾਰੀ ਅਤੇ ਪ੍ਰਚਾਰ ਪ੍ਰੋਗਰਾਮ ਦਫਤਰ) |
| ਟੈਲੀਫੋਨ ਨੰ. | : | 2153 2602 |
| ਫੈਕਸ ਨੰ. | : | 2850 5191 |

ਈਮੇਲ : EIPD-HQ@labour.gov.hk
ਡਾਕ ਪਤਾ : Room 222, 2/F., North Point Government Offices, 333 Java Road, North Point, Hong Kong

ਸਿਲੈਕਟਿਵ ਪਲੇਸਮੈਂਟ ਸਰਵਿਸ ਨਾਲ ਜੁੜੀ ਪੁੱਛਗਿੱਛ ਲਈ

ਨਾਮ : HUI Tsz-yan, Ceres
ਅਹੁਦਾ : ਸਹਾਇਕ ਲੇਬਰ ਅਫਸਰ II (ਸਿਲੈਕਟਿਵ ਪਲੇਸਮੈਂਟ) (ਮੁੱਖ ਦਫਤਰ)
ਟੈਲੀਫੋਨ ਨੰ. : 2852 4992
ਫੈਕਸ ਨੰ. : 2541 3914
ਈਮੇਲ : SPD-HQ@labour.gov.hk
ਡਾਕ ਪਤਾ : Room 1721, 17/F., Harbour Building, 38 Pier Road, Central, Hong Kong

ਨੌਜਵਾਨ ਰੁਜ਼ਗਾਰ ਸੇਵਾ ਨਾਲ ਸੰਬੰਧਿਤ ਪੁੱਛਗਿੱਛ ਲਈ

ਨਾਮ : HO Kwong-ho, Keith
ਅਹੁਦਾ : ਲੇਬਰ ਅਫਸਰ (ਨੌਜਵਾਨ ਰੁਜ਼ਗਾਰ)
ਟੈਲੀਫੋਨ ਨੰ. : 2852 3544
ਫੈਕਸ ਨੰ. : 2119 9820
ਈਮੇਲ : yed-hq@labour.gov.hk
ਡਾਕ ਪਤਾ : 12/F., Harbour Building, 38 Pier Road, Central, Hong Kong

*FDHs ਦੀ ਸਹਾਇਤਾ ਨਾਲ ਜੁੜੀ ਪੁੱਛਗਿੱਛ ਲਈ*

ਨਾਮ : LO Siu-chung, Eric
ਅਹੁਦਾ : ਲੇਬਰ ਅਫਸਰ (ਵਰਕਿੰਗ ਛੁੱਟੀ ਸਕੀਮ / ਵਿਦੇਸ਼ੀ ਘਰੇਲੂ ਹੈਲਪਰ)
ਟੈਲੀਫੋਨ ਨੰ. : 3582 8972
ਫੈਕਸ ਨੰ. : 3101 0604
ਈਮੇਲ : fdh-enquiry@labour.gov.hk
ਡਾਕ ਪਤਾ : 16/F., One Mong Kok Road Commercial Centre, 1 Mong Kok Road, Kowloon

*EAs ਨੂੰ ਲਾਇਸੈਂਸ, ਨਿਰੀਖਣ, ਅਤੇ ਰੁਜ਼ਗਾਰ ਦਾਤਾਵਾਂ ਅਤੇ ਨੌਕਰੀ ਲੱਭਣ ਵਾਲੇ ਲੋਕਾਂ ਦੁਆਰਾ ਦਾਇਰ ਸ਼ਿਕਾਇਤਾਂ, ਜਿਨ੍ਹਾਂ ਵਿੱਚ FDHs ਵੀ ਸ਼ਾਮਿਲ ਹਨ, ਦੀ ਜਾਂਚ ਰਾਹੀਂ ਨਿਯੰਤ੍ਰਿਤ ਕਰਨ ਸੰਬੰਧੀ ਪੁੱਛਗਿੱਛ ਲਈ।*

ਨਾਮ : CHAN Hiu-yan, Catherine
ਅਹੁਦਾ : LO(EA)2

| | | |
|---|---|---|
| ਟੈਲੀਫੋਨ ਨੰ. | : | 2115 3382 |
| ਫੈਕਸ ਨੰ. | : | 2115 3756 |
| ਈਮੇਲ | : | lo-ea-2@labour.gov.hk |
| ਡਾਕ ਪਤਾ | : | Unit 906, 9/F., One Mong Kok Road Commercial Centre, 1 Mong Kok Road, Kowloon |

ਬਾਇਲਰ ਅਤੇ ਪ੍ਰੈਸ਼ਰ ਵੈਸਲਜ ਡਿਵੀਜ਼ਨ ਨਾਲ ਜੁੜੀ ਪੁੱਛਗਿੱਛ ਲਈ

| | | |
|---|---|---|
| ਨਾਮ | : | FUNG Sin-yee Cindy |
| ਅਹੁਦਾ | : | ਕਾਰਜਕਾਰੀ ਅਧਿਕਾਰੀ (ਬੋਇਲਰ ਅਤੇ ਪ੍ਰੈਸ਼ਰ ਵੈਸਲ) |
| ਟੈਲੀਫੋਨ ਨੰ. | : | 3107 3443 |
| ਫੈਕਸ ਨੰ. | : | 2517 0875 |
| ਈਮੇਲ | : | eo-bpv@labour.gov.hk |
| ਡਾਕ ਪਤਾ | : | Unit 01-02, 20/F, Millennium City 6, 392 Kwun Tong Road, Kwun Tong, Kowloon |

## B. ਸਟਾਫ ਦੀ ਸਿਖਲਾਈ ਅਤੇ ਵਿਕਾਸ ਵਿਭਾਗ

| | |
|---|---|
| ਸੰਬੰਧਿਤ ਸੇਵਾਵਾਂ | • ਸਟਾਫ ਦੀ ਸਿਖਲਾਈ |
| ਮੌਜੂਦਾ ਉਪਾਅ | • ਸਟਾਫ ਟ੍ਰੇਨਿੰਗ ਅਤੇ ਵਿਕਾਸ ਡਿਵੀਜ਼ਨ (STDD) ਨਵੇਂ ਭਰਤੀ ਕੀਤੇ ਸਹਾਇਕ ਲੇਬਰ ਅਫਸਰਾਂ II ਲਈ ਇੰਡਕਸ਼ਨ ਪ੍ਰੋਗਰਾਮ ਦੇ ਹਿੱਸੇ ਵਜੋਂ ਨਸਲੀ ਬਰਾਬਰੀ 'ਤੇ ਗੱਲਬਾਤ ਦਾ ਆਯੋਜਨ ਕਰਦਾ ਹੈ, ਅਤੇ ਇਹ ਗੱਲਬਾਤ ਦਿਲਚਸਪੀ ਰੱਖਣ ਵਾਲੇ ਲੇਬਰ ਅਫਸਰ (LO) ਗ੍ਰੇਡ ਅਧਿਕਾਰੀਆਂ ਲਈ ਵੀ ਖੁੱਲ੍ਹੀ ਹੈ। ਇਸ ਤੋਂ ਇਲਾਵਾ, STDD ਨਿਯਮਿਤ ਤੌਰ 'ਤੇ ਸਿਵਲ ਸਰਵਿਸ ਕਾੱਲੇਜ ਵਿੱਚ ਉਪਲੱਬਧ ਢੁਕਵੇਂ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਦਾ ਪ੍ਰਸਾਰ ਕਰਦੀ ਹੈ ਅਤੇ ਜਿੱਥੇ ਢੁਕਵਾਂ ਹੋਵੇ ਲੋੜੀਂਦੀ ਸਿਖਲਾਈ ਵਿੱਚ ਦਾਖਲਾ ਲੈਣ ਲਈ LO ਗਰੇਡ ਅਧਿਕਾਰੀਆਂ ਨੂੰ ਨਾਮਜ਼ਦਗੀ ਦਾ ਸੱਦਾ ਦਿੰਦੀ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • STDD ਲੇਬਰ ਅਫਸਰ ਗ੍ਰੇਡ ਦੇ ਅਧਿਕਾਰੀਆਂ ਨੂੰ ਢੁਕਵੀਂ ਸਿਖਲਾਈ ਦੇਣਾ ਜਾਰੀ ਰੱਖੇਗੀ। |

## C. ਕਿੱਤੇ ਸਬੰਧੀ ਸੁਰੱਖਿਆ - ਸਿਸਟਮ ਅਤੇ ਸਹਾਇਤਾ

ਸਰਕਾਰ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਦੀ ਪੇਸ਼ੇਵਰ ਸੁਰੱਖਿਆ ਅਤੇ ਸਿਹਤ (OSH) ਨੂੰ ਬਹੁੱਤ ਮਹੱਤਵ ਦਿੰਦੀ ਹੈ। ਇਸ ਲਈ, LD ਨੇ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਦੀ OSH ਪ੍ਰਤੀ

ਜਾਗਰੂਕਤਾ ਵਧਾਉਣ ਅਤੇ ਹਾਦਸਿਆਂ ਨੂੰ ਰੋਕਣ ਲਈ ਅਤੇ OSH ਸਭਿਆਚਾਰ ਨੂੰ ਵਧਾਉਣ ਲਈ ਇਹਨਾਂ ਕਰਮਚਾਰੀਆਂ ਨੂੰ ਸਾਡੀਆਂ OSH ਸੇਵਾਵਾਂ ਤੱਕ ਪਹੁੰਚ ਨੂੰ ਹੋਰ ਜ਼ਿਆਦਾ ਆਸਾਨ ਬਣਾਉਣ ਲਈ ਕਈ ਉਪਾਅ ਕੀਤੇ ਹਨ।

ਸੰਬੰਧਿਤ ਸੇਵਾਵਾਂ

- ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਨੂੰ OSH ਸੇਵਾਵਾਂ ਪ੍ਰਦਾਨ ਕਰਨਾ।

ਮੌਜੂਦਾ ਉਪਾਅ

- ਉਹਨਾਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਉਪਭੋਗਤਾਵਾਂ ਨੂੰ ਸੇਵਾਵਾਂ ਮੁਹੱਈਆ ਕਰਨ ਲਈ ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗਰੇਜ਼ੀ, LD ਦੇ ਪੇਸ਼ੇਵਰ ਸੁਰੱਖਿਆ ਅਤੇ ਸਿਹਤ ਸਿਖਲਾਈ ਕੇਂਦਰ ਨੇ CHEER ਦੀ ਦੁਭਾਸ਼ੀਆ ਸੇਵਾ ਦੀ ਵਰਤੋਂ ਕੀਤੀ ਹੈ। ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਨੂੰ ਕਲਾਸ ਵਿੱਚ ਸਿਖਲਾਈ ਲਈ ਆਪਣੇ ਨਾਲ ਜ਼ਬਾਨੀ ਅਨੁਵਾਦ ਲਈ ਦੂਜੇ ਵਿਅਕਤੀਆਂ ਨੂੰ ਲਿਜਾਣ ਦੀ ਆਗਿਆ ਹੈ।
- LD ਦਾ ਰਜਿਸਟ੍ਰੇਸ਼ਨ ਅਤੇ ਸਟਾਫ ਸਿਖਲਾਈ ਡਿਵੀਜ਼ਨ (RSTD) ਅਜਿਹੇ ਰਜਿਸਟਰਡ ਸੁਰੱਖਿਆ ਆਡੀਟਰਾਂ, ਰਜਿਸਟਰਡ ਸੁਰੱਖਿਆ ਅਫਸਰਾਂ ਅਤੇ ਰਜਿਸਟਰਡ ਸਕੀਮ ਆਪਰੇਟਰਾਂ ਦੇ ਰਜਿਸਟਰਾਂ ਦੀ ਜਾਂਚ ਲਈ ਮੁਫਤ ਸੇਵਾ ਪ੍ਰਦਾਨ ਕਰਦਾ ਹੈ, ਜੋ ਚੀਨੀ ਅਤੇ/ਜਾਂ ਅੰਗ੍ਰੇਜ਼ੀ ਵਿੱਚ ਹਨ। ਦਫਤਰ ਨੇ ਅਜਿਹੇ ਸੇਵਾ ਉਪਭੋਗਤਾਵਾਂ ਲਈ ਮੁਫਤ ਦੁਭਾਸ਼ੀਆ ਸੇਵਾਵਾਂ ਪ੍ਰਦਾਨ ਕਰਨ ਲਈ CHEER ਨਾਲ ਪ੍ਰਬੰਧ ਕੀਤੇ ਹਨ ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗ੍ਰੇਜ਼ੀ। ਵੱਖ-ਵੱਖ ਨਸਲਾਂ ਦੀਆਂ ਭਾਸ਼ਾਵਾਂ ਦੇ ਪੋਸਟਰ CHEER ਦੁਆਰਾ ਦਿੱਤੀਆਂ ਜਾਂਦੀਆਂ ਦੁਭਾਸ਼ੀਆ ਸੇਵਾਵਾਂ ਦੇ ਪ੍ਰਚਾਰ ਲਈ ਦਫਤਰ ਦੇ ਅੰਦਰ ਚੰਗੀ ਨਜ਼ਰ ਆਉਣ ਵਾਲੀ ਥਾਂ 'ਤੇ ਪ੍ਰਦਰਸ਼ਿਤ ਕੀਤੇ ਜਾਂਦੇ ਹਨ। ਵੱਖ-ਵੱਖ ਨਸਲਾਂ ਦੇ ਲੋਕਾਂ ਦੇ ਨਾਲ ਦੂਜੇ ਅਜਿਹੇ ਵਿਅਕਤੀ ਵੀ ਹੋ ਸਕਦੇ ਹਨ ਜੋ ਉਨ੍ਹਾਂ ਲਈ ਦੁਭਾਸ਼ੀਏ ਦੀ ਸੇਵਾ ਪ੍ਰਦਾਨ ਕਰ ਸਕਦੇ ਹਨ।
- LD ਦਾ RSTD ਨਵੇਂ ਭਰਤੀ ਹੋਏ ਆਕੂਪੇਸ਼ਨਲ ਸੇਫਟੀ ਅਫਸਰਾਂ II ਲਈ ਪ੍ਰੋਬੇਸ਼ਨਰੀ ਸਿਖਲਾਈ ਪ੍ਰੋਗ੍ਰਾਮ ਦੇ ਹਿੱਸੇ ਵਜੋਂ ਨਸਲੀ ਸਮਾਨਤਾ ਤੇ ਗੱਲਬਾਤ ਦਾ ਆਯੋਜਨ ਕਰ ਰਿਹਾ ਹੈ। ਇਸ ਤੋਂ ਇਲਾਵਾ RSTD ਨਿਯਮਿਤ ਤੌਰ ਤੇ ਸਿਵਲ ਸਰਵਿਸ ਕਾਲਜ ਤੋਂ ਉਪਲਬਧ ਸੰਬੰਧਿਤ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਪ੍ਰਸਾਰਿਤ ਕਰਦਾ ਹੈ ਅਤੇ ਜਿੱਥੇ ਉਚਿਤ ਹੋਵੇ, ਸਿਖਲਾਈ ਲਈ ਦਾਖਲਾ ਲੈਣ ਲਈ ਆਕੂਪੇਸ਼ਨਲ ਸੁਰਖਿਆ ਅਫਸਰ (OSO) ਗ੍ਰੇਡ ਅਫਸਰਾਂ ਤੋਂ ਨਾਮਜ਼ਦਗੀਆਂ ਨੂੰ ਸੱਦਾ ਦਿੰਦਾ ਹੈ।
- LD ਹਾਦਸਿਆਂ ਬਾਰੇ ਰਿਪੋਰਟ ਕਰਨ ਅਤੇ OSH ਅੰਕੜਾ ਸੇਵਾਵਾਂ ਕੋਲੋਂ ਪੁਛਤਾਛ ਕਰਨ ਲਈ ਹਾਟਲਾਈਨ ਪ੍ਰਦਾਨ ਕਰਦਾ ਹੈ। ਦਫਤਰ ਨੇ ਉਨ੍ਹਾਂ ਸੇਵਾ ਉਪਭੋਗਤਾਵਾਂ ਲਈ ਮੁਫਤ ਦੁਭਾਸ਼ੀਆ ਸੇਵਾਵਾਂ ਪ੍ਰਦਾਨ

ਕਰਨ ਲਈ CHEER ਨਾਲ ਪ੍ਰਬੰਧ ਕੀਤੇ ਹਨ ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗ੍ਰੇਜ਼ੀ।

- LD ਨੇ OSH ਬਾਰੇ ਜਨਤਕ ਪੁੱਛਗਿੱਛਾਂ ਨੂੰ ਸੰਭਾਲਣ ਲਈ ਇੱਕ OSH ਪੁੱਛਗਿੱਛ ਹਾਟਲਾਈਨ ਅਤੇ ਅਸੁਰੱਖਿਅਤ ਕੰਮ ਕਰਨ ਵਾਲੇ ਵਾਤਾਵਰਣ ਵਿਰੁੱਧ ਜਨਤਕ ਸ਼ਿਕਾਇਤਾਂ ਦਰਜ ਕਰਨ ਲਈ ਇੱਕ OSH ਸ਼ਿਕਾਇਤ ਹਾਟਲਾਈਨ ਦੀ ਸਥਾਪਨਾ ਕੀਤੀ ਹੈ। ਦਫਤਰ ਨੇ CHEER ਨਾਲ ਉਹਨਾਂ ਸੇਵਾ ਉਪਭੋਗਤਾਵਾਂ ਲਈ ਮੁਫਤ ਦੁਭਾਸ਼ੀਏ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰਬੰਧ ਕੀਤੇ ਹਨ ਜੋ ਨਾ ਹੀ ਚੀਨੀ 'ਤੇ ਨਾ ਹੀ ਅੰਗ੍ਰੇਜ਼ੀ ਬੋਲ ਸਕਦੇ ਹਨ।

- LD ਵਿਭਿੰਗ ਨਸਲਾਂ ਦੇ ਵਰਕਰਾਂ ਵਿਚਕਾਰ OSH ਸ਼ਿਕਾਇਤ ਚੈਨਲਾਂ ਦੇ ਪ੍ਰਚਾਰ ਨੂੰ ਵਧਾਵਾ ਦਿੰਦਾ ਹੈ ਜਿਸਦੇ ਲਈ ਉਹ ਵਿਭਿੰਨ ਸਾਧਨਾਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਵਿੱਚ OSH ਸ਼ਿਕਾਇਤ ਮੰਚ ਅਤੇ ਵਿਭਿੰਨ ਭਾਸ਼ਾਵਾਂ ਵਿੱਚ ਸ਼ਿਕਾਇਤ ਹੌਟਲਾਈਨ ਸਬੰਧੀ ਜਾਣਕਾਰੀ ਵਾਲੇ ਪਲਾਸਟਿਕ ਕਾਰਡ ਹੋਲਡਰਾਂ ਦਾ ਵੰਡਣਾ ਵੀ ਸ਼ਾਮਲ ਹੈ, ਤਾਂ ਜੋ ਇਹਨਾਂ ਲੋਕਾਂ ਨੂੰ ਅਸੁਰੱਖਿਅਤ ਵਾਤਾਵਰਨ ਵਿੱਚ ਕੰਮ ਦੇ ਖਿਲਾਫ਼ ਸ਼ਿਕਾਇਤ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।

- LD ਵਿਭਿੰਨ ਨਸਲਾਂ ਦੀਆਂ ਕਈ ਭਾਸ਼ਾਵਾਂ ਵਿੱਚ OSH ਦੇ ਪ੍ਰਕਾਸ਼ਨਾਂ ਨੂੰ ਛਾਪਦਾ ਹੈ ਤਾਂ ਜੋ ਵਿਭਿੰਨ ਨਸਲਾਂ ਦੇ ਲੋਕਾਂ ਕੋਲ OSH ਦੀ ਮਹੱਤਵਪੂਰਨ ਜਾਣਕਾਰੀ ਪਹੁੰਚਾਈ ਜਾ ਸਕੇ। ਨਾਲ ਹੀ, ਇਹ ਵਿਭਿੰਨ ਨਸਲਾਂ ਦੇ ਲੋਕਾਂ ਦੀਆਂ ਅਖਬਾਰਾਂ ਅਤੇ ਪਤ੍ਰਿਕਾਵਾਂ ਰਾਹੀਂ ਕੰਮ ਵਾਲੀ ਥਾਂ 'ਤੇ ਸੁਰੱਖਿਆ ਸਬੰਧੀ ਸੁਨੇਹਿਆਂ ਦਾ ਪ੍ਰਚਾਰ ਵੀ ਕਰਦਾ ਹੈ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • LD ਸਮੇਂ-ਸਮੇਂ 'ਤੇ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ, OSO ਗ੍ਰੇਡ ਅਫਸਰਾਂ ਲਈ ਸੰਬੰਧਿਤ ਸਿਖਲਾਈ ਪ੍ਰਦਾਨ ਕਰਨਾ ਜਾਰੀ ਰੱਖੇਗਾ ਅਤੇ ਉਚਿਤ ਸੁਧਾਰ ਕਰੇਗਾ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • OSH "ਕੰਮ ਵਾਲੀ ਥਾਂ ਤੇ ਸੁਰੱਖਿਆ ਸਬੰਧੀ ਚਿਤਾਵਨੀਆਂ" ਵਾਲੇ ਜੀਵੰਤ ਕਾਰਟੂਨਾਂ ਵਾਲੇ ਵੀਡਿਓ ਦੇ ਉਪ-ਸਿਰਲੇਖਾਂ ਦਾ ਵਿਭਿੰਨ ਨਸਲਾਂ ਵਾਲੇ ਲੋਕਾਂ ਦੀਆਂ ਭਾਸ਼ਾਵਾਂ (ਜਿਨ੍ਹਾਂ ਵਿੱਚ ਹਿੰਦੀ, ਨੇਪਾਲੀ, ਟੈਗਾਲੋਗ ਅਤੇ ਉਰਦੂ ਵੀ ਸ਼ਾਮਲ ਹਨ) ਵਿੱਚ ਅਨੁਵਾਦ ਦਾ ਕੰਮ ਜਾਰੀ ਰੱਖ ਰਿਹਾ ਹੈ ਤਾਂ ਜੋ ਵਿਭਿੰਨ ਨਸਲਾਂ ਦੇ ਵਰਕਰ OSH ਦੀ ਜਾਣਕਾਰੀ ਨੂੰ ਅਸਾਨੀ ਨਾਲ ਸਮਝ ਸਕਣ। |

ਜੇਕਰ ਉਪਰੋਕਤ ਸੇਵਾਵਾਂ ਸੰਬੰਧੀ ਤੁਹਾਡੇ ਕੋਲ ਕੋਈ ਪ੍ਰਸ਼ਨ/ਸੁਝਾਅ ਹਨ, ਤਾਂ ਕ੍ਰਿਪਾ ਕਰਕੇ ਪੇਸ਼ੇਵਰ ਸੁਰੱਖਿਆ ਅਤੇ ਸਿਹਤ ਬ੍ਰਾਂਚ ਨਾਲ ਟੈਲੀਫੋਨ 2559 2297 'ਤੇ ਸੰਪਰਕ ਕਰੋ ਜਾਂ LD ਨੂੰ enquiry@labour.gov.hk 'ਤੇ ਈਮੇਲ ਭੇਜੋ।

## D. ਲੇਬਰ ਸੰਬੰਧ

ਲੇਬਰ ਵਿਵਾਦਾਂ ਅਤੇ ਦਾਅਵਿਆਂ ਨੂੰ ਹੱਲ ਕਰਨ ਲਈ, ਰੁਜ਼ਗਾਰ ਦੇ ਛੋਟੇ ਦਾਅਵਿਆਂ ਦੇ ਨਿਆਂ ਸੰਬੰਧੀ ਫੈਸਲੇ ਵਿੱਚ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਦੀ ਸਹਾਇਤਾ ਕਰਨ ਲਈ, ਰੁਜ਼ਗਾਰ ਆਰਡੀਨੈਂਸ (EO) ਅਤੇ ਮਨੁੱਖੀ ਵਸੀਲਾ ਪ੍ਰਬੰਧਨ ਦੇ ਚੰਗੇ ਅਮਲਾਂ (GHRM) ਦੇ ਵਿਸਤਾਰ ਦੇ ਲਈ, LD ਸਲਾਹ-ਮਸ਼ਵਰੇ ਅਤੇ ਸਵੈ-ਇੱਛੁਕ ਸਮਝੌਤਾ ਸੇਵਾ ਦੇ ਪ੍ਰਬੰਧਨ ਦੁਆਰਾ ਰੁਜ਼ਗਾਰਦਾਤਾ ਅਤੇ ਕਰਮਚਾਰੀ ਸੰਬੰਧਾਂ ਨੂੰ ਮਿਤੱਰਤਾਪੂਰਨ ਬਣਾਉਂਦਾ ਅਤੇ ਕਾਇਮ ਰੱਖਦਾ ਹੈ, ਨਾਲ ਹੀ ਮਜ਼ਬੂਤ ਟ੍ਰੇਡ ਯੂਨੀਅਨ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਲਈ ਟ੍ਰੇਡ ਯੂਨੀਅਨ ਆਰਡੀਨੈਂਸ (TUO) ਦਾ ਪ੍ਰਸ਼ਾਸਨ ਕਰਦਾ ਹੈ। ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਇਨ੍ਹਾਂ ਮੁਫਤ ਸੇਵਾਵਾਂ ਤੱਕ ਬਰਾਬਰ ਪਹੁੰਚ ਹੈ ਅਤੇ ਉਹਨਾਂ ਨੂੰ ਲੇਬਰ ਕਾਨੂੰਨਾਂ ਦੀ ਸੁਰੱਖਿਆ ਅਤੇ ਬੈਨਿਫਿਟਾਂ ਦਾ ਉਹੀ ਲਾਭ ਮਿਲਦਾ ਹੈ ਜੋ ਸਥਾਨਕ ਕਰਮਚਾਰੀਆਂ ਨੂੰ ਮਿਲਦਾ ਹੈ।

<u>ਸਲਾਹ-ਮਸ਼ਵਰਾ ਅਤੇ ਸਮਝੌਤਾ ਸੇਵਾਵਾਂ ਦੀ ਵਿਵਸਥਾ</u>

| | |
|---|---|
| ਸੰਬੰਧਿਤ ਸੇਵਾਵਾਂ | • LD ਦਾ ਲੇਬਰ ਸੰਬੰਧ ਡਿਵੀਜ਼ਨ (LRD) ਦਸ ਸ਼ਾਖਾ ਦਫਤਰਾਂ ਦੇ ਇੱਕ ਨੈਟਵਰਕ ਦੁਆਰਾ ਕੰਮ ਕਰਦਾ ਹੈ ਜੋ EO, ਘੱਟੋ-ਘੱਟ ਤਨਖਾਹ ਆਰਡੀਨੈਂਸ ਅਤੇ ਰੁਜ਼ਗਾਰ ਇਕਰਾਰਨਾਮੇ ਦੇ ਬਾਰੇ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਨੂੰ ਸਲਾਹ ਮਸ਼ਵਰਾ ਪ੍ਰਦਾਨ ਕਰਦਾ ਹੈ। ਇਹ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਲੇਬਰ ਵਿਵਾਦਾਂ ਅਤੇ ਦਾਅਵਿਆਂ ਨੂੰ ਸੁਲਝਾਉਣ ਲਈ ਸਹਾਇਤਾ ਕਰਨ ਲਈ ਮੁਫਤ ਅਤੇ ਸਵੈ-ਇੱਛੁਕ ਸਮਝੌਤਾ ਸੇਵਾ ਵੀ ਪ੍ਰਦਾਨ ਕਰਦਾ ਹੈ। |
| ਮੌਜੂਦਾ ਉਪਾਅ | • ਸਲਾਹ-ਮਸ਼ਵਰੇ ਅਤੇ ਸਮਝੌਤਾ ਸੇਵਾਵਾਂ ਪ੍ਰਦਾਨ ਕਰਨ ਦੇ ਦੌਰਾਨ, LRD ਉਹਨਾਂ ਲੋਕਾਂ ਨੂੰ ਮੁਫਤ ਦੁਭਾਸ਼ੀਆ ਸੇਵਾ ਪ੍ਰਦਾਨ ਕਰਦਾ ਹੈ ਅਤੇ ਇਸਦੀ ਵਿਵਸਥਾ ਕਰਦਾ ਹੈ ਜੋ ਨਾ ਤਾਂ ਚੀਨੀ ਬੋਲਦੇ ਹਨ ਤੇ ਨਾਂ ਹੀ ਅੰਗਰੇਜ਼ੀ। ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ CHEER ਵੱਲੋਂ ਮੁਹੱਈਆ ਕਰਵਾਈ ਜਾਣ ਵਾਲੀਆਂ ਦੁਭਾਸ਼ੀਆ ਸੇਵਾਵਾਂ ਬਾਰੇ ਨੋਟਿਸ ਅਤੇ ਪੋਸਟਰ LRD ਦੇ ਸ਼ਾਖਾ ਦਫ਼ਤਰਾਂ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਲਗਾਏ ਜਾਂਦੇ ਹਨ ਤਾਂ ਜੋ ਅਜਿਹੀਆਂ ਸੇਵਾਵਾਂ ਪ੍ਰਤੀ ਜਨਤਾ ਦੀ ਜਾਗਰੂਕਤਾ ਨੂੰ ਵਧਾਇਆ ਜਾ ਸਕੇ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • LRD ਸਮੇਂ-ਸਮੇਂ 'ਤੇ ਸੇਵਾਵਾਂ ਦੀ ਸਮੀਖਿਆ ਕਰੇਗੀ ਅਤੇ ਉਚਿਤ ਸੁਧਾਰ ਕਰੇਗੀ। |

ਨਸਲੀ ਬਰਾਬਰੀ ਨੂੰ ਵਧਾਵਾ ਦੇਣ ਲਈ ਮੌਜੂਦਾ ਅਤੇ ਪ੍ਰਸਤਾਵਿਤ ਉਪਾਵਾਂ ਦੇ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਹੇਠ ਦਿੱਤੇ ਅਧਿਕਾਰੀ ਨਾਲ ਸੰਪਰਕ ਕਰੋ –

| | | |
|---|---|---|
| ਨਾਮ | : | POON Wai-ho, Bill |
| ਅਹੁਦਾ | : | ਸਹਾਇਕ ਲੇਬਰ ਅਫਸਰ I (ਲੇਬਰ ਸੰਬੰਧੀ) (ਹੇਡਕੁਆਟਰ) |
| ਟੈਲੀਫੋਨ ਨੰ. | : | 2852 3507 |
| ਫੈਕਸ ਨੰ. | : | 2545 2959 |
| ਈਮੇਲ | : | lrd-hq@labour.gov.hk |
| ਡਾਕ ਪਤਾ | : | 12/F, Harbour Building, 38 Pier Road, Central, Hong Kong |

<u>ਰੁਜ਼ਗਾਰ ਦੇ ਮਾਮੂਲੀ ਦਾਅਵਿਆਂ ਦੇ ਫੈਸਲੇ</u>

| | |
|---|---|
| ਸੰਬੰਧਿਤ ਸੇਵਾਵਾਂ | • ਰੁਜ਼ਗਾਰ ਦੇ ਮਾਮੂਲੀ ਦਾਅਵਿਆਂ ਦੇ ਫੈਸਲੇ ਲਈ ਬੋਰਡ ('ਬੋਰਡ') ਵੱਖਰੀ ਨਸਲ ਦੇ ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ ਲਈ ਇੱਕ ਤੇਜ਼, ਗੈਰ ਰਸਮੀ ਅਤੇ ਘੱਟ ਖਰਚੇ ਵਾਲੀ, ਰੁਜ਼ਗਾਰ ਝਗੜੇ ਨਿਪਟਾਉਣ ਵਾਲੀ ਸੇਵਾ ਪ੍ਰਦਾਨ ਕਰਦਾ ਹੈ। |
| ਮੌਜੂਦਾ ਉਪਾਅ | • ਜੇਕਰ LRD ਦੀ ਸੁਲ੍ਹਾ-ਸਫਾਈ ਸੇਵਾ ਰਾਹੀਂ ਰੁਜ਼ਗਾਰ ਦੇ ਵਿਵਾਦਾਂ ਦਾ ਹੱਲ ਨਹੀਂ ਕੀਤਾ ਜਾ ਸਕਦਾ ਹੈ, ਤਾਂ ਕਰਮਚਾਰੀ ਜਾਂ ਰੁਜ਼ਗਾਰਦਾਤਾ ਦੂਜੀ ਧਿਰ ਵਿਰੁੱਧ ਆਪਣੇ ਅਧਿਕਾਰ ਖੇਤਰ ਵਿੱਚ ਦਾਅਵੇ ਦਾਇਰ ਕਰਨ ਲਈ ਅੱਗੇ ਕਾਰਵਾਈ ਕਰ ਸਕਦੇ ਹਨ।<br>• ਦਾਅਵੇ ਦਾਇਰ ਕਰਨ ਅਤੇ ਸੁਣਵਾਈ ਦੇ ਦੌਰਾਨ, ਬੋਰਡ ਉਨ੍ਹਾਂ ਲੋੜਵੰਦ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ ਲਈ ਮੁਫਤ ਦੁਭਾਸ਼ੀਆ ਸੇਵਾ ਪ੍ਰਦਾਨ ਕਰਦਾ ਹੈ । |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਬੋਰਡ ਲੋੜਵੰਦ ਵੱਖ-ਵੱਖ ਨਸਲਾਂ ਦੇਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ ਲਈ ਦਾਅਵੇ ਦਾਇਰ ਕਰਨ ਅਤੇ ਸੁਣਵਾਈ ਦੇ ਦੌਰਾਨ ਮੁਫਤ ਦੁਭਾਸ਼ੀਆ ਸੇਵਾ ਦੇਣਾ ਜਾਰੀ ਰੱਖੇਗਾ। |

ਨਸਲੀ ਬਰਾਬਰੀ ਨੂੰ ਵਧਾਵਾ ਦੇਣ ਲਈ ਮੌਜੂਦਾ ਅਤੇ ਪ੍ਰਸਤਾਵਿਤ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦਿੱਤੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | LI Kai-hiu, Kate |
| ਅਹੁਦਾ | : | ਡਿਪਟੀ ਰਜਿਸਟਰਾਰ |
| ਟੈਲੀਫੋਨ ਨੰ. | : | 2927 8008 |
| ਫੈਕਸ ਨੰ. | : | 2314 2947 |
| ਈਮੇਲ | : | mecab@labour.gov.hk |
| ਡਾਕ ਪਤਾ | : | Room 1012, 10/F, Cheung Sha Wan Government Offices, 303 Cheung Sha Wan Road, Kowloon |

EO ਅਤੇ GHRM ਦੇ ਅਮਲਾਂ ਦਾ ਪ੍ਰਸਾਰ

ਸੰਬੰਧਿਤ ਸੇਵਾਵਾਂ

- LD ਦੀ ਕਾਰਜ ਸਥਾਨ ਸਲਾਹ-ਮਸ਼ਵਰਾ ਪ੍ਰਸਾਰ ਡਿਵੀਜ਼ਨ (WCPD) ਇਹਨਾਂ ਕੰਮਾਂ ਲਈ ਜ਼ਿੰਮੇਵਾਰ ਹੈ -
  - ➢ ਉਦਯੋਗ ਆਧਾਰਿਤ ਤਿੰਨ-ਪੱਖੀ ਕਮੇਟੀਆਂ ਰਾਹੀਂ ਰੁਜ਼ਗਾਰਦਾਤਾਵਾਂ, ਕਰਮਚਾਰੀਆਂ ਅਤੇ ਸਰਕਾਰ ਦੇ ਨੁਮਾਇੰਦਿਆਂ ਦਰਮਿਆਨ ਤਿੰਨ-ਪੱਖੀ ਗੱਲਬਾਤ ਅਤੇ ਸਹਿਯੋਗ ਨੂੰ ਅੱਗੇ ਵਧਾਉਣਾ।
  - ➢ ਮਨੁੱਖੀ ਸੰਸਾਧਨ ਪ੍ਰੈਕਟੀਸ਼ਨਰਾਂ ਦੀ EO ਸੰਬੰਧੀ ਸਮਝ ਨੂੰ ਵਧਾਉਣਾ ਅਤੇ ਮਨੁੱਖੀ ਸੰਸਾਧਨ ਪ੍ਰਬੰਧਕ ਕਲੱਬ ਸਥਾਪਿਤ ਕਰਕੇ ਅਤੇ ਮੈਂਬਰਾਂ ਨੂੰ ਤਜਰਬੇ ਸਾਂਝੇ ਕਰਨ ਵਾਲੇ ਸੈਸ਼ਨਾਂ, ਸੰਖੇਪ ਜਾਣਕਾਰੀ, ਖਬਰਨਾਮੇ ਅਤੇ ਸਲਾਹ ਮਸ਼ਵਰੇ ਦੀ ਸੇਵਾ ਪ੍ਰਦਾਨ ਕਰਕੇ GHRM ਅਮਲਾਂ ਨੂੰ ਅੱਗੇ ਵਧਾਉਣਾ।
  - ➢ EO ਅਤੇ GHRM ਅਮਲਾਂ ਬਾਰੇ ਵੱਖ-ਵੱਖ ਪ੍ਰਚਾਰ ਚੈਨਲਾਂ ਅਤੇ ਵੱਖ-ਵੱਖ ਪ੍ਰਚਾਰ ਗਤੀਵਿਧੀਆਂ ਦੁਆਰਾ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਨੂੰ ਜਾਣਕਾਰੀ ਪ੍ਰਦਾਨ ਕਰਨਾ।
  - ➢ ਅਮਲ ਕੋਡ ਤਿਆਰ ਕਰਨਾ ਅਤੇ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਦੇ ਹਵਾਲੇ ਲਈ ਪ੍ਰਕਾਸ਼ਨ ਤਿਆਰ ਕਰਨਾ।

ਮੌਜੂਦਾ ਉਪਾਅ

- ਜੇਕਰ ਤਿੰਨ-ਪੱਖੀ ਕਮੇਟੀਆਂ ਅਤੇ ਮਨੁੱਖੀ ਸੰਸਾਧਨ ਪ੍ਰਬੰਧਕ ਕਲੱਬਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਵੱਖ-ਵੱਖ ਨਸਲਾਂ ਦੇ ਲੋਕ ਭਾਸ਼ਾ ਸੇਵਾ(ਵਾਂ) ਲਈ ਬੇਨਤੀ ਕਰਦੇ ਹਨ, ਤਾਂ WCPD ਲੋੜ ਮੁਤਾਬਕ ਦੁਭਾਸ਼ੀਆ/ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕਰੇਗੀ।
- EO ਦੇ ਮੁੱਖ ਪ੍ਰਾਵਧਾਨਾਂ ਦੇ ਪ੍ਰਚਾਰ ਸੰਬੰਧੀ ਜਨਤਕ ਪਰਚੇ ਚੀਨੀ, ਅੰਗਰੇਜ਼ੀ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਨੌਂ ਭਾਸ਼ਾਵਾਂ (ਹਿੰਦੀ, ਨੇਪਾਲੀ, ਸਿੰਹਲ, ਉਰਦੂ, ਇੰਡੋਨੇਸ਼ੀਆਈ, ਤਾਗਾਲੋਗ, ਥਾਈ, ਪੰਜਾਬੀ ਅਤੇ ਵਿਅਤਨਾਮੀ) ਵਿੱਚ ਉਪਲੱਬਧ ਕਰਵਾਏ ਗਏ ਹਨ। ਸੰਬੰਧਿਤ ਪਰਚੇ ਦਾ ਇਲੈਕਟ੍ਰਾਨਿਕ ਰੂਪਾਂਤਰ ਲੇਬਰ ਵਿਭਾਗ ਦੀ ਵੈਬਸਾਈਟ 'ਤੇ ਅਪਲੋਡ ਕੀਤਾ ਗਿਆ ਹੈ। ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਭਾਸ਼ਾਵਾਂ ਦੇ ਪ੍ਰਕਾਸ਼ਨ ਵੀ ਸਰਕਾਰ ਦੇ ਵਨ-ਸਟਾਪ ਪੋਰਟਲ (GovHK) ਦੇ ਬਹੁ-ਭਾਸ਼ੀ ਪਲੇਟਫਾਰਮ 'ਤੇ ਅਤੇ ਇੰਟਰਐਕਟਿਵ ਰੁਜ਼ਗਾਰ ਸੇਵਾ (iES) ਦੀ ਵੈਬਸਾਈਟ 'ਤੇ ਵੱਖ-ਵੱਖ ਨਸਲਾਂ ਦੇ ਨੌਕਰੀ ਲੱਭਣ ਵਾਲੇ ਲੋਕਾਂ ਲਈ ਸਮਰਪਿਤ ਵੈੱਬਪੇਜ 'ਤੇ ਅੱਪਲੋਡ ਕੀਤੇ ਗਏ ਹਨ। ਜੇਕਰ ਜਨਤਾ ਦੇ ਮੈਂਬਰ ਕਿਸੇ ਦੂਜੀ ਨਸਲ ਦੀ ਭਾਸ਼ਾ ਵਾਲੇ ਪ੍ਰਕਾਸ਼ਨਾਂ ਦੀ ਮੰਗ ਆਪਣੇ ਲੋਕਾਂ ਦੀ ਭਾਸ਼ਾ ਲਈ ਕਰਦੇ ਹਨ, ਤਾਂ WCPD ਲੋੜ ਦੇ ਅਧਾਰ 'ਤੇ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕਰੇਗੀ।
- ਚਲਦੀ-ਫਿਰਦੀ ਪ੍ਰਦਰਸ਼ਨੀਆਂ ਦੌਰਾਨ ਲੋੜਵੰਦਾਂ ਦੀ ਸੇਵਾ ਕਰਨ ਵਾਲੇ

| | |
|---|---|
| | ਉਪਭੋਗਤਾਵਾਂ ਨੂੰ ਚੀਨੀ, ਅੰਗਰੇਜ਼ੀ ਅਤੇ ਵੱਖ-ਵੱਖ ਨਸਲਾਂ ਦੀਆਂ ਨੌਂ ਭਾਸ਼ਾਵਾਂ ਵਿੱਚ ਢੁਕਵੇਂ ਪ੍ਰਚਾਰ ਪਰਚੇ ਉਪਲੱਬਧ ਕਰਵਾਏ ਗਏ।<br>• CHEER ਦੁਆਰਾ ਦਿੱਤੀਆਂ ਜਾਂਦੀਆਂ ਮੁਫਤ ਦੁਭਾਸ਼ੀਆ ਸੇਵਾਵਾਂ ਦੇ ਪ੍ਰਚਾਰ ਦੇ ਲਈ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਪ੍ਰਮੁੱਖ ਭਾਸ਼ਾਵਾਂ ਵਿੱਚ ਇੱਕ ਪੋਸਟਰ ਰਿਸੈਪਸ਼ਨ ਕਾਊਂਟਰ 'ਤੇ ਸਪੱਸ਼ਟ ਦਿਖਣ ਵਾਲੀ ਥਾਂ 'ਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਰਿਸੈਪਸ਼ਨ ਕਾਊਂਟਰ ਦਾ ਸਟਾਫ CHEER ਦੀ ਸੇਵਾ ਦੀ ਉਪਲੱਬਧਤਾ ਬਾਰੇ ਜਾਣੂ ਕਰਵਾਉਂਦਾ ਹੈ ਅਤੇ ਲੋੜਵੰਦ ਉਪਭੋਗਤਾਵਾਂ ਨੂੰ ਅਜਿਹੀ ਸੇਵਾ ਦੀ ਵਿਵਸਥਾ ਦੀ ਪੇਸ਼ਕਸ਼ ਕਰਦਾ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • WCPD ਸਮੇਂ-ਸਮੇਂ 'ਤੇ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ ਉਚਿਤ ਸੁਧਾਰ ਕਰੇਗਾ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • WCPD CHEER ਦੁਆਰਾ ਮੁਹੱਈਆ ਕਰਵਾਈ ਗਈ ਦੁਭਾਸ਼ੀਆ ਸੇਵਾਵਾਂ ਦੇ ਪ੍ਰਚਾਰ ਵਾਲੇ ਪਰਚੇ ਸੇਵਾ ਉਪਭੋਗਤਾਵਾਂ ਦੀਆਂ ਗਤੀਵਿਧੀਆਂ ਵਿਖੇ ਉਪਲੱਬਧ ਕਰਾਏਗੀ ਅਤੇ ਉਹਨਾਂ ਲੋਕਾਂ ਲਈ ਢੁਕਵੀਂ ਭਾਸ਼ਾ ਸੇਵਾਵਾਂ ਸ਼ਾਮਿਲ ਕਰੇਗੀ ਜਿਨ੍ਹਾਂ ਨੂੰ ਭਾਸ਼ਾ ਸੇਵਾ ਦੀ ਜ਼ਰੂਰਤ ਹੈ। |

ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਲਈ ਮੌਜੂਦਾ ਅਤੇ ਪ੍ਰਸਤਾਵਿਤ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦਿੱਤੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | CHAU Cheuk-yan, Peony |
| ਅਹੁਦਾ | : | ਸਹਾਇਕ ਲੇਬਰ ਅਫਸਰ । (ਕਾਰਜ ਸਥਾਨ ਵਿਖੇ ਸਲਾਹ-ਮਸ਼ਵਰੇ ਦਾ ਪ੍ਰਸਾਰ) |
| ਟੈਲੀਫੋਨ ਨੰ. | : | 2121 8690 |
| ਫੈਕਸ ਨੰ. | : | 2121 8695 |
| ਈਮੇਲ | : | wcpd@labour.gov.hk |
| ਡਾਕ ਪਤਾ | : | 5/F, Mongkok Government Offices,<br>30 Luen Wan Street, Mongkok, Kowloon. |

*<u>ਟ੍ਰੇਡ ਯੂਨੀਅਨਾਂ ਦਾ ਰੈਗੂਲੇਸ਼ਨ</u>*

| | |
|---|---|
| ਸੰਬੰਧਿਤ ਸੇਵਾਵਾਂ | • ਟ੍ਰੇਡ ਯੂਨੀਅਨਾਂ ਦੀ ਰਜਿਸਟਰੀ (RTU) ਚੰਗੇ ਟ੍ਰੇਡ ਯੂਨੀਅਨ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਲਈ TUO ਦਾ ਪ੍ਰਬੰਧਨ ਕਰਦੀ ਹੈ, ਇਹ ਯਕੀਨੀ ਬਣਾਉਣ ਲਈ ਕਿ ਟ੍ਰੇਡ ਯੂਨੀਅਨਾਂ ਦਾ ਪ੍ਰਸ਼ਾਸਨ ਅਤੇ ਮਾਮਲਿਆਂ ਦਾ ਸੰਚਾਲਨ TUO ਅਤੇ RTU ਨਾਲ ਰਜਿਸਟਰਡ ਉਹਨਾਂ ਦੇ ਨਿਯਮਾਂ (ਜਾਂ ਸੰਵਿਧਾਨਾਂ) ਦੇ ਅਨੁਸਾਰ ਹੋਵੇ। |

| | |
|---|---|
| ਮੌਜੂਦਾ ਉਪਾਅ | • ਟ੍ਰੇਡ ਯੂਨੀਅਨਾਂ ਦੇ ਸੰਦਰਭ ਜਾਂ ਵਰਤੋਂ ਲਈ ਜਾਣਕਾਰੀ ਵਾਲੇ ਪਰਚੇ, ਸੰਖੇਪ ਗਾਈਡਾਂ ਅਤੇ ਫਾਰਮ ਚੀਨੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ।<br>• ਜੇਕਰ ਲੋੜ ਹੋਵੇ, ਤਾਂ RTU ਵੱਖ-ਵੱਖ ਨਸਲਾਂ ਦੇ ਟ੍ਰੇਡ ਯੂਨੀਅਨ ਮੈਂਬਰਾਂ ਅਤੇ ਅਧਿਕਾਰੀਆਂ ਲਈ, CHEER ਤੋਂ ਮੁਫ਼ਤ ਅਨੁਵਾਦ ਸੇਵਾਵਾਂ ਪ੍ਰਦਾਨ ਕਰੇਗਾ, ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗ੍ਰੇਜ਼ੀ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • RTU ਸਮੇਂ-ਸਮੇਂ ਤੇ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ ਲੋੜ ਅਨੁਸਾਰ ਸੁਧਾਰ ਕਰੇਗਾ। |

ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਲਈ ਮੌਜੂਦਾ ਅਤੇ ਪ੍ਰਸਤਾਵਿਤ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦਿੱਤੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | LAU Man-yee, Ellen |
| ਅਹੁਦਾ | : | ਸਹਾਇਕ ਲੇਬਰ ਅਫਸਰ। (ਟ੍ਰੇਡ ਯੂਨੀਅਨ) |
| ਟੈਲੀਫੋਨ ਨੰ. | : | 3575 8500 |
| ਫੈਕਸ ਨੰ. | : | 2541 2681 |
| ਈਮੇਲ | : | rtu@labour.gov.hk |
| ਡਾਕ ਪਤਾ | : | 11/F, One Mong Kok Road Commercial Centre, 1 Mong Kok Road, Kowloon |

## E. ਕਿੱਤੇ ਸਬੰਧੀ ਸਿਹਤ ਸੇਵਾ

| | |
|---|---|
| ਸੰਬੰਧਿਤ ਸੇਵਾਵਾਂ | • ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਲਈ ਕਿੱਤੇ ਸਬੰਧੀ ਸਿਹਤ ਸੇਵਾ ਦਾ ਪ੍ਰਬੰਧ ਕਰਨਾ, ਜਿਸ ਵਿੱਚ ਸਲਾਹਕਾਰ ਸੇਵਾ ਪ੍ਰਦਾਨ ਕਰਨਾ, ਉਨ੍ਹਾਂ ਦੇ ਕਾਰਜ ਸਥਾਨਾਂ ਦਾ ਨਿਰੀਖਣ ਕਰਨਾ ਅਤੇ ਕਿੱਤੇ ਸਬੰਧੀ ਸਿਹਤ ਅਤੇ ਸਫਾਈ ਨਾਲ ਸੰਬੰਧਿਤ ਕਾਨੂੰਨ ਲਾਗੂ ਕਰਨਾ, ਕਿੱਤੇ ਸਬੰਧੀ ਰੋਗ ਦੇ ਸ਼ੱਕ ਦੇ ਮਾਮਲਿਆਂ ਦੀ ਜਾਂਚ ਅਤੇ ਇਲਾਜ ਮੁਹੱਈਆ ਕਰਵਾਉਣਾ, ਮੁਆਵਜ਼ੇ ਦੇ ਦਾਅਵਿਆਂ ਵਾਲੇ ਕਰਮਚਾਰੀਆਂ ਨੂੰ ਬਿਮਾਰੀ ਦੀ ਛੁੱਟੀ ਦੀ ਪ੍ਰਵਾਨਗੀ ਲਈ ਇੰਟਰਵਿਊ ਕਰਨਾ ਅਤੇ ਕਿੱਤੇ ਸਬੰਧੀ ਸਿਹਤ ਬਾਰੇ ਚਰਚਾਵਾਂ ਦਾ ਪ੍ਰਬੰਧ ਕਰਨਾ ਸ਼ਾਮਿਲ ਹੈ। |
| ਮੌਜੂਦਾ ਉਪਾਅ | • ਜਦੋਂ ਵੱਖ-ਵੱਖ ਨਸਲਾਂ ਦੇ ਕਰਮਚਾਰੀ ਕਿੱਤੇ ਸਬੰਧੀ ਸਿਹਤ ਸੇਵਾ ਦੀ ਮੰਗ ਕਰਦੇ ਹਨ ਜਾਂ ਕਿੱਤੇ ਸਬੰਧੀ ਸਿਹਤ ਦੇ ਮਾਮਲਿਆਂ ਦੀ ਜਾਂਚ ਲਈ ਇੰਟਰਵਿਊ ਦਿੰਦੇ ਹਨ, ਤਾਂ LD ਉਨ੍ਹਾਂ ਲਈ ਜ਼ਰੂਰੀ ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕਰਦਾ ਹੈ। CHEER ਦੇ ਨਾਲ ਮਿਲ ਕੇ LD ਉਨ੍ਹਾਂ |

ਕਰਮਚਾਰੀਆਂ ਲਈ ਮੁਫ਼ਤ ਦੁਭਾਸ਼ੀਆ ਸੇਵਾਵਾਂ ਮੁਹੱਈਆ ਕਰਵਾਉਣ ਦਾ ਪ੍ਰਬੰਧ ਕਰਦਾ ਹੈਹਨ ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗ੍ਰੇਜ਼ੀ। ਵੱਖ-ਵੱਖ ਨਸਲਾਂ ਦੀਆਂ ਭਾਸ਼ਾਵਾਂ (ਜਿਵੇਂ, ਤਾਗਾਲੋਗ, ਬਹਾਸਾ ਇੰਡੋਨੇਸ਼ੀਆ, ਥਾਈ, ਹਿੰਦੀ, ਉਰਦੂ, ਨੇਪਾਲੀ, ਪੰਜਾਬੀ ਅਤੇ ਵੀਅਤਨਾਮੀ) ਦੇ ਪੋਸਟਰ ਦੁਭਾਸ਼ੀਆ ਸੇਵਾਵਾਂ ਨੂੰ ਅੱਗੇ ਵਧਾਉਣ ਲਈ ਦਫਤਰ ਦੇ ਅੰਦਰ ਚੰਗੀ ਨਜ਼ਰ ਆਉਣ ਵਾਲੀ ਥਾਂ 'ਤੇ ਪ੍ਰਦਰਸ਼ਿਤ ਕੀਤੇ ਜਾਂਦੇ ਹਨ।

- LD ਨੇ ਕੁਝ ਕਿੱਤੇ ਸਬੰਧੀ ਸਿਹਤ ਪ੍ਰਕਾਸ਼ਨਾਂ ਨੂੰ ਵੱਖ-ਵੱਖ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਹੈ। ਇਨ੍ਹਾਂ ਪ੍ਰਕਾਸ਼ਨਾਂ ਤੱਕ ਪਹੁੰਚ ਨੂੰ ਜ਼ਿਆਦਾ ਆਸਾਨ ਬਣਾਉਣ ਲਈ, LD ਦੇ ਕਿੱਤੇ ਸਬੰਧੀ ਸਿਹਤ ਸੇਵਾ ਦੇ ਦਫਤਰਾਂ ਨੇ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਭਾਸ਼ਾਵਾਂ ਵਿੱਚ ਇੱਕ ਨੋਟਿਸ ਪ੍ਰਦਰਸ਼ਿਤ ਕੀਤਾ ਹੈ ਜੋ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਨੂੰ ਇਹ ਪ੍ਰਕਾਸ਼ਨ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੇ ਹਨ। ਇਸ ਤੋਂ ਇਲਾਵਾ, ਇਹ ਪ੍ਰਕਾਸ਼ਨ LD ਦੇ ਵੈੱਬਪੇਜ 'ਤੇ ਲੋਕਾਂ ਦੁਆਰਾ ਡਾਊਨਲੋਡ ਕਰਨ ਅਤੇ ਵੰਡਣ ਲਈ ਰੱਖੇ ਗਏ ਹਨ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • LD ਸਮੇਂ-ਸਮੇਂ 'ਤੇ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਲਈ ਆਪਣੀਆਂ ਕਿੱਤੇ ਸਬੰਧੀ ਸਿਹਤ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ ਢੁਕਵੇਂ ਸੁਧਾਰ ਕਰੇਗਾ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | ਹੇਠ ਦਿੱਤੇ ਵਾਧੂ ਉਪਾਅ ਕੀਤੇ ਜਾਣਗੇ/ਅਪਣਾਏ ਜਾਣਗੇ -<br>• ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਲਈ ਕਿੱਤੇ ਸਬੰਧੀ ਸਿਹਤ ਸੇਵਾ ਵਧਾਉਣ ਦੇ ਲਈ LD ਨੇ ਕੁਝ ਕਰਮਚਾਰੀਆਂ ਲਈ ਢੁਕਵੀਂ ਸਿਖਲਾਈ ਪ੍ਰਾਪਤ ਕਰਨ ਦਾ ਪ੍ਰਬੰਧ ਕੀਤਾ ਹੈ। ਭਵਿੱਖ ਵਿੱਚ, ਅਸੀਂ ਢੁਕਵੀਂ ਸਿਖਲਾਈ ਦਾ ਅਧਿਐਨ ਜਾਰੀ ਰੱਖਾਂਗੇ ਅਤੇ ਆਪਣੇ ਸਟਾਫ ਦੇ ਸ਼ਾਮਿਲ ਹੋਣ ਦਾ ਪ੍ਰਬੰਧ ਕਰਾਂਗੇ। |

ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਅਤੇ ਮੌਜੂਦਾ ਅਤੇ ਪ੍ਰਸਤਾਵਿਤ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠਾਂ ਦੱਸੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Occupational Health Service |
| ਟੈਲੀਫੋਨ ਨੰ. | : | 2852 4041 |
| ਫੈਕਸ ਨੰ. | : | 2581 2049 |
| ਈਮੇਲ | : | enquiry@labour.gov.hk |

ਡਾਕ ਪਤਾ : 15/F., Harbour Building, 38 Pier Road, Central, Hong Kong

## F. ਕਰਮਚਾਰੀ ਮੁਆਵਜ਼ਾ ਵਿਭਾਗ

ਸੰਬੰਧਿਤ ਸੇਵਾਵਾਂ

- ਇਹ ਵਿਭਾਗ ਵੱਖ-ਵੱਖ ਨਸਲਾਂ ਦੇ ਜ਼ਖਮੀ ਕਰਮਚਾਰੀਆਂ ਦੀ ਸਹਾਇਤਾ ਕਰਦਾ ਹੈ ਜੋ ਕੰਮ 'ਤੇ ਲੱਗੀ ਸੱਟ ਜਾਂ ਕਿਸੇ ਵਿਸ਼ੇਸ਼ ਕਿੱਤੇ ਸਬੰਧੀ ਰੋਗ ਤੋਂ ਪੀੜਤ ਹਨ, ਜਾਂ ਰੁਜ਼ਗਾਰ ਮੁਆਵਜ਼ਾ ਆਰਡੀਨੈਂਸ ਦੇ ਤਹਿਤ ਮੁਆਵਜ਼ਾ ਪ੍ਰਾਪਤ ਕਰਨ ਲਈ ਵੱਖ-ਵੱਖ ਨਸਲਾਂ ਦੇ ਕਰਮਚਾਰੀ ਦੇ ਪਰਿਵਾਰਕ ਮੈਂਬਰਾਂ ਦੀ ਸਹਾਇਤਾ ਕਰਦਾ ਹੈ ਜੋ ਕੰਮ 'ਤੇ ਦੁਰਘਟਨਾ ਦੇ ਨਤੀਜੇ ਵਜੋਂ ਜਾਂ ਕਿਸੇ ਨਿਰਧਾਰਿਤ ਕਿੱਤੇ ਸਬੰਧੀ ਬਿਮਾਰੀ ਦੇ ਨਤੀਜੇ ਵਜੋਂ ਮਰ ਜਾਂਦੇ ਹਨ।

ਮੌਜੂਦਾ ਉਪਾਅ

- ਸੰਬੰਧਿਤ ਸੇਵਾਵਾਂ LD ਦੇ ਕਰਮਚਾਰੀਆਂ ਦੇ ਮੁਆਵਜ਼ਾ ਵਿਭਾਗ ਅਤੇ ਦੁਰਘਟਨਾ ਦੇ ਮਾਮਲਿਆਂ ਦੇ ਦਫਤਰਾਂ ਦੁਆਰਾ ਅੰਗਰੇਜ਼ੀ ਅਤੇ ਚੀਨੀ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।
- ਵੱਖ-ਵੱਖ ਨਸਲਾਂ ਦੇ ਜ਼ਖਮੀ ਕਰਮਚਾਰੀਆਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ, ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗ੍ਰੇਜ਼ੀ, ਮੁਫਤ ਦੁਭਾਸ਼ੀਆ ਸੇਵਾਵਾਂ ਮੁਹੱਈਆ ਕਰਾਉਣ ਲਈ ਅਸੀਂ CHEER ਨਾਲ ਪ੍ਰਬੰਧ ਕੀਤੇ ਹਨ। ਵੱਖ-ਵੱਖ ਨਸਲਾਂ ਦੀਆਂ ਭਾਸ਼ਾਵਾਂ (ਜਿਵੇਂ ਕਿ ਤਾਗਾਲੋਗ, ਬਹਾਸਾ ਇੰਡੋਨੇਸ਼ੀਅਨ, ਥਾਈ, ਹਿੰਦੀ, ਉਰਦੂ, ਨੇਪਾਲੀ, ਪੰਜਾਬੀ ਅਤੇ ਵੀਅਤਨਾਮ) ਦੇ ਪੋਸਟਰ CHEER ਦੁਆਰਾ ਦਿੱਤੀਆਂ ਜਾਂਦੀਆਂ ਮੁਫਤ ਦੁਭਾਸ਼ੀਆ ਸੇਵਾਵਾਂ ਨੂੰ ਅੱਗੇ ਵਧਾਉਣ ਲਈ ਰਿਸੈਪਸ਼ਨ ਕਾਊਂਟਰ 'ਤੇ ਚੰਗੀ ਨਜ਼ਰ ਆਉਣ ਵਾਲੀ ਥਾਂ 'ਤੇ ਪ੍ਰਦਰਸ਼ਿਤ ਕੀਤੇ ਜਾਂਦੇ ਹਨ। ਉਪਰੋਕਤ ਦਫਤਰਾਂ ਦੇ ਸਟਾਫ ਮੈਂਬਰ ਵੱਖ-ਵੱਖ ਨਸਲਾਂ ਦੇ ਸੈਲਾਨੀਆਂ ਨੂੰ ਉਨ੍ਹਾਂ ਦੀਆਂ ਭਾਸ਼ਾਵਾਂ ਵਿੱਚ ਲਿਖੇ ਫਾਰਮ ਦੁਆਰਾ ਦੁਭਾਸ਼ੀਆ ਸੇਵਾਵਾਂ ਦੇ ਬਾਰੇ ਦੱਸਣਗੇ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਅਜਿਹੀ ਸੇਵਾ ਦੀ ਜ਼ਰੂਰਤ ਹੈ ਜਾਂ ਨਹੀਂ।
- ਵੱਖ-ਵੱਖ ਨਸਲਾਂ ਦੇ ਜ਼ਖਮੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੁਆਰਾ ਕਰਮਚਾਰੀ ਮੁਆਵਜ਼ਾ ਸੇਵਾਵਾਂ ਦੀ ਵਰਤੋਂ ਨੂੰ ਆਸਾਨ ਬਣਾਉਣ ਦੇ ਲਈ, ਸੰਬੰਧਿਤ ਪ੍ਰਚਾਰ ਪਰਚੇ ਅਤੇ ਜਾਣਕਾਰੀ ਸ਼ੀਟ ਚੀਨੀ, ਅੰਗਰੇਜ਼ੀ ਅਤੇ ਵੱਖ-ਵੱਖ ਨਸਲਾਂ ਦੀਆਂ ਪ੍ਰਮੁੱਖ ਭਾਸ਼ਾਵਾਂ ਵਿੱਚ ਉਪਲੱਬਧ ਕਰਵਾਏ ਜਾਂਦੇ ਹਨ।
- ਕਰਮਚਾਰੀ ਮੁਆਵਜ਼ਾ ਮੁਲਾਂਕਣ ਬੋਰਡ ਦੁਆਰਾ ਕੰਮ 'ਤੇ ਲੱਗੀਆਂ ਸੱਟਾਂ ਦੇ ਮੁਲਾਂਕਣ ਵਿੱਚ ਵੱਖ-ਵੱਖ ਨਸਲਾਂ ਦੇ ਜ਼ਖਮੀ ਕਰਮਚਾਰੀਆਂ

| | |
|---|---|
| | ਦੀ ਸ਼ਮੂਲੀਅਤ ਨੂੰ ਆਸਾਨ ਬਣਾਉਣ ਦੇ ਲਈ, ਕਰਮਚਾਰੀ ਮੁਆਵਜ਼ਾ ਵਿਭਾਗ ਵੱਖ-ਵੱਖ ਨਸਲਾਂ ਦੇ ਲੋੜਵੰਦ ਕਰਮਚਾਰੀਆਂ ਲਈ ਸਾਈਟ 'ਤੇ ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕਰੇਗਾ।<br>• ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ ਬਾਰੇ ਡੇਟਾ ਅਤੇ ਅੰਕੜੇ ਇਕੱਤਰ ਕਰਨਾ, ਅਤੇ ਡੇਟਾ (ਗੈਰ-ਨਿੱਜੀ ਡੇਟਾ) ਨੂੰ ਆਸਾਨੀ ਨਾਲ ਮੁੜ ਪ੍ਰਾਪਤ ਕਰਨ ਯੋਗ ਬਣਾਉਣਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਅਸੀਂ ਸਮੇਂ-ਸਮੇਂ 'ਤੇ ਵੱਖ-ਵੱਖ ਨਸਲਾਂ ਦੇ ਜ਼ਖਮੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰਾਂਗੇ ਅਤੇ ਢੁਕਵੇਂ ਸੁਧਾਰ ਕਰਾਂਗੇ।<br>• ਅਸੀਂ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ 'ਤੇ ਡੇਟਾ ਅਤੇ ਅੰਕੜੇ ਇਕੱਠੇ ਕਰਾਂਗੇ ਤਾਂ ਜੋ ਸੰਬੰਧਿਤ ਉਪਾਵਾਂ ਦੇ ਪ੍ਰਭਾਵ ਦਾ ਮੁਲਾਂਕਣ ਕੀਤਾ ਜਾ ਸਕੇ ਅਤੇ ਸੇਵਾ ਪ੍ਰਬੰਧਾਂ ਦਾ ਨਿਰੰਤਰ ਸੁਧਾਰ ਕੀਤਾ ਜਾ ਸਕੇ। |

ਇਸ ਵਿਭਾਗ ਦੁਆਰਾ ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਦੇ ਮੌਜੂਦਾ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠਾਂ ਦੱਸੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Miss WONG Mui-yim Myra |
| ਅਹੁਦਾ | : | ਲੇਬਰ ਅਫਸਰ |
| ਟੈਲੀਫੋਨ ਨੰ. | : | 2852 3704 |
| ਫੈਕਸ ਨੰ. | : | 2314 3350 |
| ਈਮੇਲ | : | ECD-OP2-ENQ@labour.gov.hk |
| ਡਾਕ ਪਤਾ | : | 12/F., Harbour Building, 38 Pier Road, Central, Hong Kong |

## G. ਰੁਜ਼ਗਾਰ ਦਾਅਵਾ ਪੜਤਾਲ ਡਿਵੀਜ਼ਨ

| | |
|---|---|
| ਸੰਬੰਧਿਤ ਸੇਵਾਵਾਂ | • ਰੁਜ਼ਗਾਰ ਆਰਡੀਨੈਂਸ ਅਤੇ ਰੁਜ਼ਗਾਰ ਮੁਆਵਜ਼ਾ ਆਰਡੀਨੈਂਸ ਦੀ ਉਲੰਘਣਾ ਕਰਨ ਵਾਲੇ ਸ਼ੱਕੀ ਦੀ ਪੜਤਾਲ। |
| ਮੌਜੂਦਾ ਉਪਾਅ | • ਅਪਰਾਧਿਕ ਜਾਂਚ ਦੇ ਦੌਰਾਨ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਆਪਣੀ ਮੂਲ ਭਾਸ਼ਾਵਾਂ ਵਿੱਚ ਬਿਆਨ ਜਾਂ ਜਾਣਕਾਰੀ ਦੇਣ ਦੀ ਇਜਾਜ਼ਤ ਦੇਣ ਲਈ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਪ੍ਰਦਾਨ ਕੀਤੀ ਗਈ । |

| | | |
|---|---|---|
| | • | ਰੁਜਗਾਰ ਆਰਡੀਨੈਂਸ ਨਾਲ ਸੰਬੰਧਤ ਸਿਵਲ ਅਤੇ ਅਪਰਾਧਿਕ ਕਾਰਵਾਈਆਂ ਨੂੰ ਪੇਸ਼ ਕਰਨ ਲਈ ਇੱਕ ਪ੍ਰਚਾਰ ਪਰਚਾ ਚੀਨੀ, ਅੰਗ੍ਰੇਜ਼ੀ ਅਤੇ ਵਿਭਿੰਨ ਨਸਲਾਂ ਦੀਆਂ ਪ੍ਰਮੁੱਖ ਭਾਸ਼ਾਵਾਂ (ਜਿਵੇਂ ਕਿ ਤਾਗਾਲੋਗ, ਇੰਡੋਨੇਸ਼ੀਆ, ਥਾਈ, ਨੇਪਾਲੀ, ਉਰਦੂ, ਹਿੰਦੀ ਅਤੇ ਸਿੰਹਾਲਾ) ਵਿੱਚ ਉਪਲਬਧ ਕਰਵਾਈਆ ਗਿਆ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | ਅਸੀਂ ਸਮੇਂ ਸਮੇਂ ਤੇ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਸਾਡੀਆਂ ਸੇਵਾਵਾਂ ਦੀ ਸਮੀਖਿਆ ਕਰਾਂਗੇ ਅਤੇ ਉਚਿਤ ਸੁਧਾਰ ਕਰਾਂਗੇ । |
| | • | ਅਸੀਂ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਭਾਸ਼ਾ ਸੇਵਾਵਾਂ ਦੀ ਵਰਤੋਂ ਬਾਰੇ ਡੇਟਾ ਅਤੇ ਅੰਕੜੇ (ਗੈਰ-ਨਿੱਜੀ ਡੇਟਾ) ਇਕੱਤਰ ਕਰਾਂਗੇ ਤਾਂ ਜੋ ਭਾਸ਼ਾ ਸੇਵਾ ਦੀ ਉਪਭੋਗਤਾ ਨੂੰ ਲੋੜ ਦਾ ਮੁਲਾਂਕਣ ਕੀਤਾ ਜਾ ਸਕੇ। |

ਇਸ ਵਿਭਾਗ ਦੁਆਰਾ ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਦੇ ਮੌਜੂਦਾ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦੱਸੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Miss LEE Shuk-wai, Jane |
| ਅਹੁਦਾ | : | ਸਹਾਇਕ ਲੇਬਰ ਅਫਸਰ। (ਰੁਜ਼ਗਾਰ ਦੇ ਦਾਅਵਿਆਂ ਦੀ ਜਾਂਚ) |
| ਟੈਲੀਫੋਨ ਨੰ. | : | 3847 7642 |
| ਫੈਕਸ ਨੰ. | : | 2543 4375 |
| ਈਮੇਲ | : | ECID@labour.gov.hk |
| ਡਾਕ ਪਤਾ | : | 7/F, Treasury Building, 3 Tonkin Street West, Cheung Sha Wan, Kowloon |

## H. ਮੁਕੱਦਮਾ ਡਿਵੀਜ਼ਨ

| | | |
|---|---|---|
| ਸੰਬੰਧਿਤ ਸੇਵਾਵਾਂ | • | ਕਰਮਚਾਰੀਆਂ (ਵੱਖ-ਵੱਖ ਨਸਲਾਂ ਦੇ ਲੋਕਾਂ ਸਮੇਤ) ਦੇ ਕਾਨੂੰਨੀ ਅਧਿਕਾਰਾਂ ਅਤੇ ਲਾਭਾਂ ਦੀ ਰੱਖਿਆ ਲਈ ਲੇਬਰ ਕਾਨੂੰਨਾਂ ਤਹਿਤ ਮੁਕੱਦਮਾ ਚਲਾਉਣਾ। |
| ਮੌਜੂਦਾ ਉਪਾਅ | • | ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਅਤੇ ਬਚਾਅ ਪੱਖ ਲਈ ਅਦਾਲਤ ਦੀ ਕਾਰਵਾਈ ਵਿੱਚ ਸ਼ਾਮਿਲ ਹੋਣਾ ਆਸਾਨ ਬਣਾਉਣ ਦੇ ਲਈ, ਸਰਕਾਰੀ ਵਕੀਲ ਅਦਾਲਤ ਵਿੱਚ ਦਰਖਾਸਤ ਦੇਵੇਗਾ ਕਿ ਕਰਮਚਾਰੀਆਂ ਅਤੇ ਬਚਾਓ ਪੱਖ ਦੁਆਰਾ ਉਨ੍ਹਾਂ ਦੀਆਂ ਮਾਤ ਭਾਸ਼ਾਵਾਂ ਜਾਂ ਜਾਣੂ ਭਾਸ਼ਾਵਾਂ ਵਿੱਚ ਗਵਾਹੀ ਦੇਣ, ਅਪੀਲ ਕਰਨ ਜਾਂ ਬਚਾਅ ਕਰਨ ਲਈ, ਅਦਾਲਤ ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕਰੇ। |

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਅਸੀਂ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਅਤੇ ਬਚਾਓ ਪੱਖ ਦੁਆਰਾ ਅਦਾਲਤ ਦੀ ਦੁਭਾਸ਼ੀਆ ਸੇਵਾਵਾਂ ਦੀ ਵਰਤੋਂ ਬਾਰੇ ਡੇਟਾ (ਗੈਰ-ਨਿਜੀ ਡੇਟਾ) ਅਤੇ ਅੰਕੜੇ ਇਕੱਠੇ ਕਰਾਂਗੇ, ਤਾਂ ਜੋ ਉਨ੍ਹਾਂ ਲਈ ਸੇਵਾਵਾਂ ਦੀ ਜ਼ਰੂਰਤ ਦਾ ਮੁਲਾਂਕਣ ਕੀਤਾ ਜਾ ਸਕੇ।<br>• ਅਸੀਂ ਸਮੇਂ-ਸਮੇਂ 'ਤੇ ਅਦਾਲਤ ਦੀਆਂ ਕਾਰਵਾਈਆਂ ਵਿੱਚ ਹਾਜ਼ਰੀ ਦੇ ਸੰਬੰਧ ਵਿੱਚ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਜ਼ਰੂਰਤਾਂ ਦਾ ਵੀ ਧਿਆਨ ਰੱਖਾਂਗੇ ਅਤੇ ਜਿੱਥੇ ਵੀ ਲੋੜ ਹੋਵੇ ਢੁਕਵੀਂ ਸਹਾਇਤਾ ਕਰਾਂਗੇ। |

ਇਸ ਵਿਭਾਗ ਦੁਆਰਾ ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਦੇ ਮੌਜੂਦਾ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦੱਸੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Ms Terry NG |
| ਅਹੁਦਾ | | ਲੇਬਰ ਅਫਸਰ |
| ਟੈਲੀਫੋਨ ਨੰ. | | 2852 3618 |
| ਫੈਕਸ ਨੰ. | : | 2854 9096 |
| ਈਮੇਲ | : | lo_p_3_1@labour.gov.hk |
| ਡਾਕ ਪਤਾ | : | 12/F., Harbour Building, 38 Pier Road, Hong Kong |

## I. ਲੇਬਰ ਨਿਰੀਖਣ ਡਿਵੀਜ਼ਨ

| | |
|---|---|
| ਸੰਬੰਧਿਤ ਸੇਵਾਵਾਂ | • ਕੰਮ ਵਾਲੇ ਸਥਾਨ ਦੇ ਨਿਰੀਖਣ ਅਤੇ ਸ਼ੱਕੀ ਜੁਰਮਾਂ ਦੀ ਅਪਰਾਧਿਕ ਜਾਂਚ ਦੇ ਜ਼ਰੀਏ ਢੁਕਵੇਂ ਲੇਬਰ ਕਾਨੂੰਨਾਂ ਨੂੰ ਲਾਗੂ ਕਰਕੇ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਦੇ ਅਧਿਕਾਰਾਂ ਅਤੇ ਲਾਭਾਂ ਦੀ ਰਾਖੀ ਕਰਦਾ ਹੈ। |
| ਮੌਜੂਦਾ ਉਪਾਅ | • ਸੇਵਾਵਾਂ ਅੰਗਰੇਜ਼ੀ ਅਤੇ ਚੀਨੀ ਵਿੱਚ ਦਿੱਤੀਆਂ ਜਾਂਦੀਆਂ ਹਨ। ਜਨਤਾ ਦੇ ਹਵਾਲੇ ਲਈ, ਜਾਣਕਾਰੀ ਵਾਲੇ ਪਰਚੇ, ਪੈਂਫਲਿਟ, ਸੰਖੇਪ ਗਾਈਡ ਅਤੇ ਫਾਰਮ ਚੀਨੀ ਅਤੇ ਅੰਗ੍ਰੇਜ਼ੀ ਦੋਨਾਂ ਵਿੱਚ ਦਿੱਤੇ ਜਾਂਦੇ ਹਨ। ਵੱਖ-ਵੱਖ ਨਸਲਾਂ ਦੇ ਰੁਜ਼ਗਾਰਦਾਤਾ ਅਤੇ ਕਰਮਚਾਰੀਆਂ ਨੂੰ ਉਹਨਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ/ਅਧਿਕਾਰਾਂ ਅਤੇ ਸੰਬੰਧਿਤ ਲੇਬਰ ਕਾਨੂੰਨਾਂ ਅਧੀਨ ਲਾਭਾਂ ਨੂੰ ਸਮਝਣ ਦੇ ਯੋਗ ਬਣਾਉਣ ਲਈ ਕੁਝ ਪ੍ਰਕਾਸ਼ਨ ਵੱਖ-ਵੱਖ ਨਸਲਾਂ ਦੀਆਂ ਪ੍ਰਮੁੱਖ ਭਾਸ਼ਾਵਾਂ ਵਿੱਚ ਛਾਪੇ ਜਾਂਦੇ ਹਨ (ਤਾਗਾਲੋਗ, ਬਹਾਸਾ, ਥਾਈ, ਹਿੰਦੀ, ਨੇਪਾਲੀ ਅਤੇ ਉਰਦੂ ਸਹਿਤ)।<br>• ਜਿੱਥੇ ਜਰੂਰੀ ਹੋਵੇ, ਇੰਟਰਵਿਊ ਵਿੱਚ ਸ਼ਾਮਿਲ ਹੋਣ ਵਾਲੇ ਵੱਖ-ਵੱਖ ਨਸਲਾਂ ਦੇ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਲਈ ਅਨੁਵਾਦ ਅਤੇ |

ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਅਸੀਂ ਸਮੇਂ-ਸਮੇਂ 'ਤੇ ਸਾਡੀਆਂ ਸੇਵਾਵਾਂ ਦੀ ਸਮੀਖਿਆ ਕਰਾਂਗੇ, ਜਿਸ ਵਿੱਚ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ ਬਾਰੇ ਡੇਟਾ ਅਤੇ ਅੰਕੜੇ ਇਕੱਤਰ ਕਰਨਾ (ਗੈਰ-ਨਿਜੀ ਡੇਟਾ), ਅਤੇ ਜ਼ਰੂਰੀ ਹੋਣ 'ਤੇ ਆਪਣੀਆਂ ਸੇਵਾਵਾਂ ਨੂੰ ਵਧਾਉਣਾ ਸ਼ਾਮਿਲ ਹੈ। |

ਇਸ ਵਿਭਾਗ ਦੁਆਰਾ ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਦੇ ਮੌਜੂਦਾ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦੱਸੇ ਅਧਿਕਾਰੀ ਨਾਲ ਸੰਪਰਕ ਕਰੋ -

| | |
|---|---|
| ਨਾਮ | : Miss AU Sui-fun |
| ਅਹੁਦਾ | : ਮੁੱਖ ਲੇਬਰ ਇੰਸਪੈਕਟਰ (ਮੁੱਖ ਦਫ਼ਤਰ) |
| ਟੈਲੀਫੋਨ ਨੰ. | : 2815 2200 |
| ਫੈਕਸ ਨੰ. | : 2850 4949 |
| ਈਮੇਲ | : lid-hq@labour.gov.hk |
| ਡਾਕ ਪਤਾ | : 17/F, Harbour Building, 38 Pier Road, Central, HK |

## J. ਵੇਤਨ ਸੁਰੱਖਿਆ ਵਿਭਾਗ

| | |
|---|---|
| ਸੰਬੰਧਿਤ ਸੇਵਾਵਾਂ | • ਦਿਵਾਲੀਆਪਨ ਤੋਂ ਵੇਤਨ ਸੁਰੱਖਿਆ ਫੰਡ (PWIF) ਲਈ ਉਨ੍ਹਾਂ ਵੱਖ-ਵੱਖ ਨਸਲਾਂ ਦੇ ਕਰਮਚਾਰੀਆਂ ਦੇ ਵਲੰਟੀਅਰ ਭੁਗਤਾਨ ਦੀਆਂ ਅਰਜ਼ੀਆਂ ਉੱਪਰ ਕਾਰਵਾਈ ਕਰਨਾ ਜਿਨ੍ਹਾਂ ਦਾ ਬਕਾਇਆ ਵੇਤਨ, ਨੋਟਿਸ ਦੇ ਬਦਲੇ ਵੇਤਨ, ਅਲਹਿਦਗੀ ਭੁਗਤਾਨ ਨਾ ਲਿੱਤੀ ਗਈ ਸਲਾਨਾ ਛੁੱਟੀ ਲਈ ਵੇਤਨ ਅਤੇ/ਜਾਂ ਨਾ ਲਿੱਤੀਆਂ ਹੋਈਆਂ ਵੈਧਾਨਿਕ ਛੁੱਟੀਆਂ ਲਈ ਵੇਤਨ ਬਕਾਇਆ ਹੈ। |
| ਮੌਜੂਦਾ ਉਪਾਅ | • ਅਸੀਂ ਦਿਵਾਲੀਆਪਨ ਦੀ ਸਥਿਤੀ ਵਿੱਚ ਵੇਤਨ ਦੀ ਸੁਰੱਖਿਆ ਸਬੰਧੀ ਆਰਡੀਨੈਂਸ ਬਾਰੇ ਇੱਕ ਗਾਈਡ, PWIF ਵਿੱਚੋਂ ਦਇਆ ਭਾਵਨਾ ਨਾਲ ਭੁਗਤਾਨ ਲਈ ਬਿਨੈ ਪੱਤਰ ਅਤੇ ਸੰਬੰਧਿਤ ਮਾਰਗਦਰਸ਼ਨ ਨੋਟ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਪ੍ਰਕਾਸ਼ਿਤ ਕੀਤੇ ਹਨ।<br>• ਅਸੀਂ ਉਹਨਾਂ ਬਿਨੈਕਾਰਾਂ ਲਈ, ਜੋ ਨਾ ਤਾਂ ਚੀਨੀ ਬੋਲਦੇ ਹਨ ਤੇ ਨਾ ਹੀ ਅੰਗਰੇਜ਼ੀ, CHEER ਦੁਆਰਾ ਮੁਫਤ ਦੁਭਾਸ਼ੀਆ ਸੇਵਾ ਦੇ ਪ੍ਰਬੰਧ ਕਰਾਂਗੇ, ਜੇਕਰ ਅਜਿਹਾ ਕਰਨਾ ਉਨ੍ਹਾਂ ਦੀਆਂ ਅਰਜ਼ੀਆਂ ਦੀ ਤਸਦੀਕ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਜ਼ਰੂਰੀ ਹੋਵੇਗਾ। |

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਅਸੀਂ ਭਾਸ਼ਾ ਸੇਵਾਵਾਂ ਲਈ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਉਪਭੋਗਤਾਵਾਂ ਦੀ ਜ਼ਰੂਰਤ ਦਾ ਮੁਲਾਂਕਣ ਕਰਨ ਲਈ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ ਬਾਰੇ ਡੇਟਾ ਅਤੇ ਅੰਕੜੇ (ਗੈਰ-ਨਿੱਜੀ ਡੇਟਾ) ਇਕੱਤਰ ਕਰਾਂਗੇ। |

ਇਸ ਵਿਭਾਗ ਦੁਆਰਾ ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਦੇ ਮੌਜੂਦਾ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦੱਸੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Mr LEUNG Pui-chung, Thomas |
| ਅਹੁਦਾ | : | ਸਹਾਇਕ ਲੇਬਰ ਅਫਸਰ ।(ਵੇਤਨ ਸੁਰੱਖਿਆ)1 |
| ਟੈਲੀਫੋਨ ਨੰ. | : | 2923 5293 |
| ਫੈਕਸ ਨੰ. | : | 2832 2025 |
| ਈਮੇਲ | : | wsd@labour.gov.hk |
| ਡਾਕ ਪਤਾ | : | 16/F, Overseas Trust Bank Building, 160 Gloucester Road, Wan Chai, Hong Kong |

## K. ਨਿਮੋਕੋਨੀਓਸਿਸ ਅਤੇ ਮੇਸੋਥੇਲੀਓਮਾ ਮੁਆਵਜ਼ਾ ਦਫਤਰ

| | |
|---|---|
| ਸੰਬੰਧਿਤ ਸੇਵਾਵਾਂ | • ਉਹ ਲੋਕ ਜੋ ਨਿਮੋਕੋਨੀਓਸਿਸ ਅਤੇ/ਜਾਂ ਮੇਸੋਥੇਲੀਓਮਾ ਤੋਂ ਪੀੜਤ ਹਨ, ਉਹਨਾਂ ਨੂੰ ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਿਮੋਕੋਨੀਓਸਿਸ ਅਤੇ ਮੇਸੋਥੇਲੀਓਮਾ (ਮੁਆਵਜ਼ਾ) ਆਰਡੀਨੈਂਸ ਅਧੀਨ ਮੁਆਵਜ਼ਾ ਪ੍ਰਾਪਤ ਕਰਨ ਜਾਂ ਨਿਮੋਕੋਨੀਓਸਿਸ ਐਕਸ ਗ੍ਰੇਸ਼ੀਆ ਸਕੀਮ ਅਧੀਨ ਦਇਆ ਭਾਵਨਾ ਨਾਲ ਭੁਗਤਾਨ ਪ੍ਰਾਪਤ ਕਰਨ ਵਿੱਚ ਸਹਾਇਤਾ ਕੀਤੀ ਜਾਂਦੀ ਹੈ। |
| ਮੌਜੂਦਾ ਉਪਾਅ | • ਨਿਮੋਕੋਨੀਓਸਿਸ ਅਤੇ ਮੇਸੋਥੇਲੀਓਮਾ ਮੁਆਵਜ਼ਾ ਦਫਤਰ (PMC ਦਫਤਰ) ਵਿਖੇ ਸੇਵਾਵਾਂ ਦਾ ਪ੍ਰਬੰਧ ਅੰਗਰੇਜ਼ੀ ਅਤੇ ਚੀਨੀ ਵਿੱਚ ਹੈ।<br>• ਅਸੀਂ CHEER ਨਾਲ ਉਨ੍ਹਾਂ ਨੌਕਰੀ ਲੱਭਣ ਵਾਲੇ ਲੋਕਾਂ ਲਈ ਮੁਫਤ ਦੁਭਾਸ਼ੀਆ ਸੇਵਾਵਾਂ ਮੁਹੱਈਆ ਕਰਵਾਉਣ ਦੇ ਪ੍ਰਬੰਧ ਕੀਤੇ ਹਨ ਜੋ ਨਾ ਤਾਂ ਚੀਨੀ ਬੋਲਦੇ ਹਨ ਅਤੇ ਨਾ ਹੀ ਅੰਗ੍ਰੇਜ਼ੀ। ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਮੁੱਖ ਭਾਸ਼ਾਵਾਂ (ਜਿਵੇਂ ਕਿ ਤਾਗਾਲੋਗ, ਬਹਾਸਾ ਇੰਡੋਨੇਸ਼ੀਆ, ਥਾਈ, ਹਿੰਦੀ, ਉਰਦੂ, ਨੇਪਾਲੀ, ਪੰਜਾਬੀ ਅਤੇ ਵੀਅਤਨਾਮੀ) ਦੇ ਪੋਸਟਰ ਦਫਤਰਾਂ ਦੇ ਅੰਦਰ CHEER ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਦੁਭਾਸ਼ੀਆ ਸੇਵਾਵਾਂ ਦੇ ਪ੍ਰਚਾਰ ਲਈ ਚੰਗੀ ਨਜ਼ਰ ਆਉਣ ਵਾਲੀ ਥਾਂ 'ਤੇ ਪ੍ਰਦਰਸ਼ਿਤ ਕੀਤੇ ਗਏ ਹਨ। |

- ਮੁਆਵਜ਼ੇ ਲਈ ਅਪਲਾਈ ਕਰਨ ਵਾਲੇ ਪ੍ਰਮੁੱਖ ਅਰਜ਼ੀ ਫਾਰਮ ਅਤੇ ਨਿਰਧਾਰਣ ਦੇ ਸਰਟੀਫਿਕੇਟ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਉਪਲੱਬਧ ਹਨ। ਜਰੂਰੀ ਹੋਣ 'ਤੇ ਵੱਖ-ਵੱਖ ਨਸਲਾਂ ਦੇ ਬਿਨੈਕਾਰਾਂ ਲਈ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਅਸੀਂ ਸਮੇਂ-ਸਮੇਂ 'ਤੇ ਵੱਖ-ਵੱਖ ਨਸਲਾਂ ਦੇ ਬਿਨੈਕਾਰਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰਾਂਗੇ ਅਤੇ ਢੁਕਵੇਂ ਸੁਧਾਰ ਕਰਾਂਗੇ।
- ਅਸੀਂ ਭਾਸ਼ਾ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਉਪਭੋਗਤਾਵਾਂ ਲਈ ਭਾਸ਼ਾ ਸੇਵਾਵਾਂ ਦੀ ਜ਼ਰੂਰਤ ਦਾ ਮੁਲਾਂਕਣ ਕਰਨ ਲਈ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ ਬਾਰੇ ਡੇਟਾ ਅਤੇ ਅੰਕੜੇ (ਗੈਰ-ਨਿੱਜੀ ਡੇਟਾ) ਇਕੱਤਰ ਕਰਾਂਗੇ।

ਇਸ ਦਫਤਰ ਦੁਆਰਾ ਨਸਲੀ ਬਰਾਬਰੀ ਨੂੰ ਅੱਗੇ ਵਧਾਉਣ ਦੇ ਮੌਜੂਦਾ ਉਪਾਵਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹੇਠ ਦੱਸੇ ਅਧਿਕਾਰੀ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Ms Vivian SIU |
| ਅਹੁਦਾ | : | ਲੇਬਰ ਅਫਸਰ (ਕਰਮਚਾਰੀ ਮੁਆਵਜ਼ਾ) (ਕੇਂਦਰੀ ਸੇਵਾਵਾਂ ਵਿਭਾਗ 1)1 |
| ਟੈਲੀਫੋਨ ਨੰ. | : | 2852 4034 |
| ਫੈਕਸ ਨੰ. | : | 2854 4166 |
| ਈਮੇਲ | : | lo_c_cs1_1@labour.gov.hk |
| ਡਾਕ ਪਤਾ | : | Pneumoconiosis and Mesothelioma Compensation Office, Employees' Compensation Division, Labour Department, 6/F., Harbour Building, 38 Pier Road, Central, Hong Kong. |

**ਲੇਬਰ ਵਿਭਾਗ**
**ਜੂਨ 2025**